# ਆਤਮਕ ਯੁੱਧ

ਫ਼੍ਰੈਂਕਲਿਨ ਦੇ ਨੋਟਸ


I. ਜਾਣ-ਪਛਾਣ: ਯੁੱਧ ਦਾ ਇਤਹਾਸ ਪੇਜ 2

II. ਸ਼ਾਨਦਾਰ ਜਿੱਤ ਪੇਜ 2

III. ਅੱਜ ਦੀ ਸਥਿਤੀ ਪੇਜ 3

IV. ਵੈਰੀ ਦੀ ਰਣਨੀਤੀ ਜਾਂ ਤਰੀਕਾ ਪੇਜ 5

A. ਵਿਸ਼ਵਾਸੀਆਂ ਦੇ ਜੀਵਨ ਅਤੇ ਸੇਵਾ ਉੱਤੇ ਹਮਲਾ ਕਰਨਾ

B. ਗੜ੍ਹ ਸਥਾਪਿਤ ਕਰਨਾ – ਉਸ ਦੇ ਨਿਯੰਤ੍ਰਣ ਹੇਠ ਇਲਾਕਾ ਜਾਂ ਖੇਤਰ

1. ਨਿੱਜੀ ਗੜ੍ਹ
2. ਪਰਿਵਾਰਕ ਗੜ੍ਹ
3. ਨਗਰ, ਕਬੀਲੇ, ਜਾਤੀ ਜਾਂ ਰਾਸ਼ਟਰੀ ਗੜ੍ਹ
4. ਸ਼ਤਾਨੀ ਧਾਰਮਿਕ ਗੜ੍ਹ
5. ਕਲੀਸਿਯਾ ਵਿਚਲੇ ਗੜ੍ਹ

V. ਸਾਡਾ ਯੁੱਧ ਪੇਜ 12

A. ਪਹਿਲਾਂ – ਜੋਰਾਵਰ ਨੂੰ ਬੰਨ੍ਹੋ

B. ਜਦ ਅਸੀਂ ਯਿਸੂ ਮਸੀਹ ਦੀ ਆਗਿਆਕਾਰੀ ਕਰਦੇ ਹਾਂ ਤਾਂ ਬੁਰਿਆਈ ਸਾਡੇ ਜੀਵਨ ਵਿੱਚ ਬੰਨ੍ਹੀ ਜਾਂਦੀ ਹੈ

C. ਪਰਮੇਸ਼ਰ ਦੇ ਸਾਰੇ ਸ਼ਸਤਰ ਬਸਤਰ ਧਾਰੋ। ਅਫ਼ਸੀਆਂ 6:11-17

1. ਆਪਣੀ ਕਮਰ ਸਚਿਆਈ ਨਾਲ ਕੱਸ ਕੇ
2. ਧਰਮ ਦੀ ਸੰਜੋ
3. ਮਿਲਾਪ ਦੀ ਖੁਸ਼ ਖ਼ਬਰੀ ਦੀ ਤਿਆਰੀ ਦੀ ਜੁੱਤੀ
4. ਨਿਹਚਾ ਦੀ ਢਾਲ
5. ਮੁਕਤੀ ਦਾ ਟੋਪ

D. ਯੁੱਧ ਦੇ ਲਈ ਸਾਡੇ ਰੱਬੀ ਸ਼ਸਤਰ-ਬਸਤਰ

| | |
|---|---|
| ਪ੍ਰਾਰਥਨਾ | ਆਤਮਾ ਦੀ ਤਲਵਾਰ |
| ਯਿਸੂ ਦਾ ਨਾਮ | ਉਸਤਤ ਦੀ ਸ਼ਕਤੀ |
| ਪ੍ਰਚਾਰ ਦੀ ਸ਼ਕਤੀ | ਗਵਾਹੀ ਦੀ ਸ਼ਕਤੀ |
| ਵਰਤ ਦੀ ਸ਼ਕਤੀ | ਆਤਮਾ ਦੇ ਫਲ ਦੀ ਸ਼ਕਤੀ |

VI. ਵਿਹਾਰਕ - ਆਤਮਕ ਯੁੱਧ ਪੇਜ 27

VII. ਬਾਈਬਲ ਸੰਦਰਭ ਸੂਚੀ ਪੇਜ 29

# ਆਤਮਕ ਯੁੱਧ

ਫ੍ਰੈਂਕਲਿਨ ਦੇ ਨੋਟਸ

## I. ਜਾਣ-ਪਛਾਣ: ਯੁੱਧ ਦਾ ਇਤਹਾਸ

A. ਆਦ ਵਿੱਚ – ਸਰਿਸ਼ਟੀ ਦੇ ਭਾਵ ਨਾਲ ਸਭਕੁਝ ਪਰਮੇਸ਼ਰ ਦਾ ਹੈ।

ਉਤਪਤ 1:1 ਜ਼ਬੂਰ 24:1

B. ਮਨੁੱਖ ਨੂੰ ਧਰਤੀ ਉੱਤੇ ਇਖਤਿਆਰ ਦਿੱਤਾ ਗਿਆ।

ਉਤਪਤ 1:28 ਜ਼ਬੂਰ 8:6 ਜ਼ਬੂਰ 115:16

C. ਵੈਰੀ ਆਉਂਦਾ ਹੈ ਅਤੇ ਆਪਣੀ ਚਾਲ ਖੇਡਦਾ ਹੈ

1. ਕਿ ਆਪਣਾ **ਸਿੰਘਾਸਣ** ਉੱਚਾ ਕਰੇ: ਆਪਣੀ ਉਪਾਸਨਾ ਕਰਾਵੇ
    - ਯਸਾਯਾਹ 14:12-17 ਧਰਤੀ ਉੱਤੇ ਵਿਦਰੋਹ ਲਿਆਉਂਦਾ ਹੈ।
    - ਉਤਪਤ 3 ਮਨੁੱਖ ਨੂੰ ਭਰਮਾ ਕੇ ਆਦਮ ਅਤੇ ਉਸ ਦੇ ਰਾਜ ਨੂੰ ਸ਼ਤਾਨ ਅਤੇ ਪਾਪ ਦੇ ਅਧਿਕਾਰ ਹੇਠ ਲੈ ਆਉਂਦਾ ਹੈ।
    - ਪਰਮੇਸ਼ਰ ਯੁੱਧ ਦਾ ਐਲਾਨ ਕਰਦਾ ਹੈ ਉਤਪਤ 3:15

2. **ਇਲਾਕੇ** 'ਤੇ ਕਬਜ਼ਾ ਬਣਾਈ ਰੱਖਣ ਅਤੇ ਆਪਣੇ ਰਾਜ ਦਾ ਵਿਸਤਾਰ ਕਰਨ ਲਈ।

    ਲੂਕਾ 4:5-6

3. ਪਰਮੇਸ਼ਰ ਦੇ ਅਣਮੁੱਲੇ **ਖਜ਼ਾਨੇ** ਨੂੰ ਚੁਰਾਉਣ ਅਤੇ ਨਾਸ ਕਰਨ ਲਈ।

    ਯੋਏਲ 3:5, 9-10 ਮੱਤੀ 13:44 ਯੂਹੰਨਾ 10:10

## II. ਸ਼ਾਨਦਾਰ ਜਿੱਤ

A. ਯਿਸੂ ਦੀ ਆਮਦ:

- ਫ਼ਿਲਿੱਪੀਆਂ 2:6-7 ਆਪਣੇ ਆਪ ਨੂੰ ਸੱਖਣਾ ਕੀਤਾ – ਆਪਣੇ ਸਿੰਘਾਸਣ ਤੋਂ ਉੱਤਰ ਆਇਆ।
- ਕੁਲੁੱਸੀਆਂ 2:13-15 **ਜਿੱਤ**

B. ਇਸ ਜਗਤ ਦੇ ਸਰਦਾਰ ਨੂੰ ਕੱਢ ਦਿੰਦਾ ਹੈ। ਯੂਹੰਨਾ 12:31

ਮੱਤੀ 12:28-29 *ਪਰ ਜੇ ਮੈਂ ਪਰਮੇਸ਼ਰ ਦੇ ਆਤਮਾ ਦੀ ਸਹਾਇਤਾ ਨਾਲ ਭੂਤਾਂ ਨੂੰ ਕੱਢਦਾ ਹਾਂ ਤਾਂ ਪਰਮੇਸ਼ਰ ਦਾ ਰਾਜ ਤੁਹਾਡੇ ਉੱਤੇ ਆ ਪਹੁੰਚਿਆ ਹੈ। (29) ਅਥਵਾ ਕੋਈ ਕਿਸੇ ਜੋਰਾਵਰ ਦੇ ਘਰ ਵਿੱਚ* ***ਵੜ ਕੇ ਉਹ ਦਾ ਮਾਲ ਕਿੱਕੁਰ ਲੁੱਟ ਸੱਕਦਾ ਹੈ*** *ਜੇ ਪਹਿਲਾਂ ਉਸ ਜੋਰਾਵਰ ਨੂੰ* ***ਬੰਨ੍ਹ*** *ਨਾ ਲਵੇ?* ***ਤਾਂ*** *ਉਹ ਦਾ ਘਰ ਲੁੱਟੇਗਾ।*

ਪਹਿਲਾ: ਯਿਸੂ ਨੇ ਜੋਰਾਵਰ ਨੂੰ ਬੰਨ੍ਹਿਆ – ਕਿਵੇਂ?

- ਪਾਪ ਨੂੰ ਮਿਟਾਇਆ। ਯੂਹੰਨਾ 1:29; 1 ਯੂਹੰਨਾ 3:5
- ਇਸ ਤਰ੍ਹਾਂ ਮੌਤ ਨੂੰ ਹਰਾਇਆ। ਇਬਰਾਨੀਆਂ 2:14
- ਸ਼ਤਾਨ ਨੂੰ ਹਰਾਇਆ। 1 ਯੂਹੰਨਾ 3:8

ਦੂਜਾ: ਯਿਸੂ ਨੇ ਜੋਰਾਵਰ ਦੇ ਘਰ ਵਿੱਚ ਪ੍ਰਵੇਸ਼ ਕੀਤਾ ਅਤੇ ਆਪਣੇ ਲਹੂ ਨਾਲ ਖਰੀਦੀ ਮਲਕੀਅਤ ਨੂੰ ਕੱਢ ਲਿਆਇਆ – ਸ਼ਤਾਨ ਦੇ ਘਰ ਨੂੰ ਲੁੱਟ ਲਿਆ।

- ਅਫ਼ਸੀਆਂ 4:8-9
- 1 ਪਤਰਸ 4:6 ਧਰਤੀ ਦੇ ਹੇਠਲੇ ਹਿੱਸਿਆਂ ਵਿੱਚ ਉੱਤਰਿਆ। (ਲੂਕਾ 16:19-31) ਫਿਰ ਕੈਦੀਆਂ ਨੂੰ ਨਾਲ ਲੈ ਕੇ ਉਤਾਂਹ ਚੜ੍ਹ ਗਿਆ।

ਮੱਤੀ 16:18 "ਮੈਂ ਇਸ ਪੱਥਰ ਉੱਤੇ ਆਪਣੀ ਕਲੀਸਿਯਾ ਬਣਾਵਾਂਗਾ ਅਤੇ ਪਤਾਲ ਦੇ ਫਾਟਕਾਂ ਦਾ ਉਹ ਦੇ ਉੱਤੇ ਕੁਝ ਵੱਸ ਨਾ ਚੱਲੇਗਾ।"

ਨਰਕ ਦੇ ਫਾਟਕਾਂ ਨੂੰ ਤੋੜ ਦਿੱਤਾ! (ਜਿਵੇਂ ਕਿ, ਸਮਸੂਨ ਨੇ, ਨਿਆਈਆਂ 16:3)

ਇਨਸਾਨ ਦੇ ਪਤਨ ਤੋਂ ਬਾਅਦ ਪਹਿਲੀ ਵਾਰ ਸਵਰਗ ਦੇ ਫਾਟਕਾਂ ਨੂੰ ਖੋਲ੍ਹ ਦਿੱਤਾ।

ਜ਼ਬੂਰ 24:7-10 *ਹੇ ਫਾਟਕੋ, ਆਪਣੇ ਸਿਰ ਉੱਚੇ ਕਰੋ, ਹੇ ਆਦੀ ਦਰੱਵਜਿਓ, ਉੱਚੇ ਹੋ ਜਾਓ! ਤਾਂ ਜਲਾਲ ਦਾ ਪਾਤਸ਼ਾਹ ਅੰਦਰ ਆਵੇਗਾ। (8) ਏਹ ਜਲਾਲ ਦਾ ਪਾਤਸ਼ਾਹ ਕੌਣ ਹੈ? ਯਹੋਵਾਹ ਸਮਰਥੀ ਅਰ ਬਲੀ, ਯਹੋਵਾਹ ਜੋ ਜੁੱਧ ਵਿੱਚ ਬਲੀ ਹੈ। (9) ਹੇ ਫਾਟਕੋ, ਆਪਣੇ ਸਿਰ ਉੱਚੇ ਕਰੋ, ਹੇ ਆਦੀ ਦਰੱਵਜਿਓ, ਉੱਚੇ ਹੋ ਜਾਓ! ਤਾਂ ਜਲਾਲ ਦਾ ਪਾਤਸ਼ਾਹ ਅੰਦਰ ਆਵੇਗਾ। (10) ਏਹ ਜਲਾਲ ਦਾ ਪਾਤਸ਼ਾਹ ਕੌਣ ਹੈ? ਸੈਨਾਂ ਦਾ ਯਹੋਵਾਹ, ਉਹੋ ਜਲਾਲ ਦਾ ਪਾਤਸ਼ਾਹ ਹੈ।*

**ਸਲੀਬ ਦੀ ਜਿੱਤ ਨੇ ਪਰਮੇਸ਼ਰ ਦੇ ਰਾਜ ਦੀ ਸ਼ਕਤੀ ਨੂੰ ਹਨੇਰੇ ਦੇ ਰਾਜ ਦੀ ਸ਼ਕਤੀ ਉੱਤੇ ਸਥਾਪਿਤ ਕਰ ਦਿੱਤਾ।**

## III. ਅੱਜ ਦੀ ਸਥਿਤੀ

- ਫ਼ਿਲਿੱਪੀਆਂ 2:9-11 ਉੱਚਾ ਕੀਤਾ ਗਿਆ ਅਤੇ ਸਾਰਾ ਇਖਤਿਆਰ ਦਿੱਤਾ ਗਿਆ।

  ਇਬਰਾਨੀਆਂ 1:3 . . . ਅਰ ਪਾਪਾਂ ਨੂੰ ਸਾਫ਼ ਕਰ ਕੇ ਪਰਮ ਧਾਮ ਵਿੱਚ ਪਰਮ ਪ੍ਰਧਾਨ ਦੇ ਸੱਜੇ ਪਾਸੇ **ਬਿਰਾਜਮਾਨ ਹੋਇਆ।**

- ਇਬਰਾਨੀਆਂ 2:8 . . .ਪਰ ਅਜੇ ਤੀਕੁਰ ਅਸੀਂ ਸਭ ਕੁਝ ਉਹ ਦੇ ਅਧੀਨ ਕੀਤਾ ਹੋਇਆ ਨਹੀਂ ਵੇਖਦੇ।
- ਇਬਰਾਨੀਆਂ 10:12-13 . . . ਬਿਰਾਜਮਾਨ ਹੋਇਆ . . . ਉਡੀਕ ਕਰਦਾ ਹੈ . . . ਜੋ . . . ਰਾਜ ਅਜੇ ਵੀ ਯੁੱਧ ਕਰ ਰਹੇ ਹਨ – ਯੁੱਧ ਜਾਰੀ ਹੈ

ਯੁੱਧ ਕਿਸ ਲਈ: ਤਾਕਤ – ਇਖਤਿਆਰ – ਲੋਕਾਂ ਲਈ

- 1 ਯੂਹੰਨਾ 5:19 ਸਾਰਾ ਸੰਸਾਰ ਉਸ ਦੁਸ਼ਟ ਦੇ ਵੱਸ ਵਿੱਚ ਪਿਆ ਹੋਇਆ ਹੈ।
- ਯੂਹੰਨਾ 12:31; 14:30; 16:11 ਇਸ ਜਗਤ ਦਾ ਸਰਦਾਰ
- ਰੋਮੀਆਂ 16:20 ਜਦ ਅਸੀਂ ਖੁਸ਼ਖਬਰੀ ਨੂੰ ਲੈ ਕੇ "ਜਾਂਦੇ" ਹਾਂ।

ਜ਼ਬੂਰ 2:1-4 "*ਕੌਮਾਂ ਕਾਹਨੂੰ ਡੰਡ ਪਾਉਂਦੀਆਂ ਹਨ, ਅਤੇ ਉੱਮਤਾਂ ਵਿਅਰਥ ਸੋਚਾਂ ਕਿਉਂ ਕਰਦੀਆਂ ਹਨ?* (ਉੱਤਰ) *ਯਹੋਵਾਹ ਅਰ ਉਹ ਦੇ ਮਸੀਹ ਦੇ ਵਿਰੁੱਧ ਧਰਤੀ ਦੇ ਰਾਜੇ* (ਹਕੂਮਤਾਂ ਅਤੇ ਇਖਤਿਆਰ) *ਉੱਠ ਖੜੇ ਹੋਏ, ਅਤੇ ਹਾਕਮ* (ਮਨੁੱਖ) *ਆਪੋ ਵਿੱਚ ਮਤਾ ਪਕਾਉਂਦੇ ਹਨ, ਭਈ ਆਓ, ਅਸੀਂ ਉਨ੍ਹਾਂ ਦਿਆਂ ਬੰਧਨਾਂ ਨੂੰ ਤੋੜ ਛੱਡੀਏ, ਅਤੇ ਉਨ੍ਹਾਂ ਦੀਆਂ ਰੱਸੀਆਂ ਆਪਣੇ ਉਦਾਲਿਓਂ ਲਾਹ ਸੁੱਟੀਏ।* "

ਇਹੋ ਯੁੱਧ ਹੈ! "*ਧਰਤੀ ਦੇ ਰਾਜੇ*" ਪਰਮੇਸ਼ਰ ਦੇ ਮਸਹ ਕੀਤੇ ਹੋਏ ਰਾਜੇ ਅਤੇ ਉਸ ਦੀ ਪਰਜੀ ਦੇ ਵਿਰੁੱਧ।

ਅਫ਼ਸੀਆਂ 6:12 ਜ਼ਬੂਰ 2:5-12

ਬੁਰਿਆਈ ਦੀ ਸ਼ਕਤੀ ਉੱਤੇ ਉਸ ਦੀ ਜਿੱਤ ਅਤੇ ਸੰਸਾਰ ਵਿੱਚ ਉਸ ਜਿੱਤ ਦਾ ਇਸਤੇਮਾਲ, ਹੁਣ ਕਲੀਸਿਯਾ ਦੇ ਹੱਥ ਵਿੱਚ ਹੈ।

1 ਕੁਰਿੰਥੀਆਂ 15:57 **ਜਿੱਤ ਸਾਨੂੰ ਦੇ ਦਿੱਤੀ ਹੈ!**

ਅਫ਼ਸੀਆਂ 3:10 *ਭਈ ਹੁਣ **ਕਲੀਸਿਯਾ ਦੇ ਰਾਹੀਂ** ਸੁਰਗੀ ਥਾਵਾਂ ਵਿੱਚ ਹਕੂਮਤਾਂ ਅਤੇ ਇਖ਼ਤਿਆਰਾਂ ਉੱਤੇ ਪਰਮੇਸ਼ਰ ਦਾ ਨਾਨਾ ਪਰਕਾਰ ਦਾ ਗਿਆਨ ਪਰਗਟ ਕੀਤਾ ਜਾਵੇ।* (NKG)

ਸ਼ਤਾਨ ਦੇ ਵਿਰੁੱਧ ਉਸ ਦਾ ਗੁੱਸਾ ਅਤੇ ਨਫਰਤ ਹੁਣ **ਸਾਡੇ ਰਾਹੀਂ** ਵਿਖਾਈ ਦੇਣਾ ਚਾਹੀਦਾ ਹੈ!!!

---

ਇਸ ਬਾਰੇ ਵਿਚਾਰ ਕਰੋ:

ਪ੍ਰਭੂ ਨੇ ਪਹਿਲਾਂ ਆਪਣੇ ਆਪ ਨੂੰ **ਇਸਰਾਏਲ** ਉੱਤੇ ਪਰਗਟ ਕਰਨਾ ਚੁਣਿਆ ਅਤੇ ਫਿਰ ਉਨ੍ਹਾਂ ਦੀ ਇਹ ਜ਼ਿੰਮੇਵਾਰੀ ਸੀ ਕਿ ਉਹ **ਉਸ ਦੇ ਸੇਵਕ** ਬਣ ਕੇ ਉਸ ਇੱਕੋ ਇੱਕ ਸੱਚੇ ਪਰਮੇਸ਼ਰ ਦੇ ਗਿਆਨ, ਉਸ ਦੀ ਮੁਕਤੀ ਅਤੇ ਉਸ ਦੀ ਜਿੱਤ ਨੂੰ ਸੰਸਾਰ ਤਕ ਲੈ ਕੇ ਜਾਂਦੇ।

- ਰਸੂਲਾਂ 13:44-48 (ਯਸਾਯਾਹ 49:6)
- ਗਲਾਤੀਆਂ 3:8 ਸਭ ਤੋਂ ਪਹਿਲਾਂ ਖੁਸ਼ਖਬਰੀ ਸਭ ਅਬਰਾਹਾਮ ਅਤੇ ਉਸ ਦੇ ਲੋਕਾਂ ਨੂੰ ਦਿੱਤੀ ਗਈ ਸੀ। ਪਰ ਕੁਝ ਸਮੇਂ ਬਾਅਦ **ਉਹ ਇਸ ਸਿੱਟੇ 'ਤੇ ਪੁੱਜ ਗਏ** ਕਿ ਇੱਕਮਾਤਰ ਚੁਣੀ ਹੋਈ ਪਰਜਾ ਉਹ ਆਪ ਹਨ ਅਤੇ ਪ੍ਰਭੂ ਕੇਵਲ ਉਨ੍ਹਾਂ ਨੂੰ ਹੀ ਪ੍ਰੇਮ ਕਰਦਾ ਹੈ।

ਪ੍ਰਭੂ ਨੇ ਉਨ੍ਹਾਂ ਨੂੰ ਕੰਮ ਪੂਰਾ ਕਰਨ ਲਈ 2,000 ਵਰ੍ਹੇ ਦਿੱਤੇ।

ਫਿਰ ਯਿਸੂ ਆਇਆ। ਉਹ ਉਨ੍ਹਾਂ ਉੱਤੇ ਗੁੱਸਾ ਸੀ ਅਤੇ **ਇਸਰਾਏਲ ਕੋਲੋਂ ਮੁਕਤੀ ਦੀ ਖੁਸ਼ਖਬਰੀ ਲੈ ਕੇ ਆਪਣੀ ਕਲੀਸਿਯਾ ਨੂੰ ਦੇ ਦਿੱਤੀ!**

ਵੇਖੋ: ਮੱਤੀ 21:33-43 ਅਤੇ 23:38; 24:14

ਸਾਡੇ ਕੋਲ, ਭਾਵ ਉਸ ਦੀ ਕਲੀਸਿਯਾ ਦੇ ਕੋਲ, ਖੁਸ਼ਖਬਰੀ ਆਏ ਨੂੰ 2,000 ਵਰ੍ਹੇ ਹੋ ਗਏ ਹਨ ਅਤੇ ਅਸੀਂ ਵੀ ਆਪਣਾ ਕੰਮ ਪੂਰਾ ਨਹੀਂ ਕੀਤਾ ਹੈ!!! ਕਿਉਂ ਨਹੀਂ ਕੀਤਾ?

---

ਕਹਾਉਤਾਂ 8:13 *ਯਹੋਵਾਹ ਦਾ ਭੈ **ਬੁਰਿਆਈ ਤੋਂ ਸੂਗ ਕਰਨਾ ਹੈ,** ਘੁਮੰਡ, ਹੰਕਾਰ ਅਤੇ ਬੁਰੀ ਚਾਲ ਨਾਲ, ਪੁੱਠੇ ਮੂੰਹ ਨਾਲ ਵੀ ਮੈਂ ਵੈਰ ਰੱਖਦੀ ਹਾਂ।* (NAS)

ਜਾਂਚ ਕਰਨ ਲਈ ਪ੍ਰਸ਼ਨ:

1. ਕੀ ਮੇਰੇ ਜੀਵਨ ਵਿੱਚ ਉਹ ਨਫਰਤ ਦਿਖਾਈ ਦਿੰਦੀ ਹੈ, ਜਿਹੜੀ ਪ੍ਰਭੂ ਦੇ ਅੰਦਰ ਸ਼ਤਾਨ ਲਈ ਹੈ?
2. ਕੀ ਮੇਰੇ ਜੀਵਨ ਵਿੱਤ ਪਾਪ ਦੇ ਲਈ ਸੰਪੂਰਣ ਨਫਰਤ ਅਤੇ ਧਾਰਮਿਕਤਾ ਤੇ ਪਰਮੇਸ਼ਰ ਦਿਆਂ ਰਾਹਾਂ ਲਈ ਪ੍ਰੇਮ ਅਤੇ ਸਮਰਪਣ ਦਿਖਾਈ ਦਿੰਦਾ ਹੈ?
3. ਕੀ ਮੈਂ ਲੋਕਾਂ ਦੀ ਪਰਵਾਨਗੀ ਪ੍ਰਾਪਤ ਕਰਨ ਲਈ ਅਸਾਨੀ ਨਾਲ ਸਮਝੌਤਾ ਕਰ ਲੈਂਦਾ ਹਾਂ?

4. ਕੀ ਮੇਰਾ ਸਭ ਤੋਂ ਵੱਡਾ ਮਕਸਦ ਇਹ ਹੈ ਕਿ ਕਿਸੇ ਵੀ ਕੀਮਤ ’ਤੇ ਮੈਂ ਯਿਸੂ ਨੂੰ ਪ੍ਰਸੰਨ ਕਰਾਂ?

5. ਕੀ ਮੈਂ ਇੱਕ ਚੰਗੇ ਸਿਪਾਹੀ ਵਾਂਗ ਹਮੇਸ਼ਾ ਉਪਲਬਧ ਅਤੇ ਆਗਿਆਕਾਰੀ ਰਹਿੰਦਾ ਹਾਂ?

6. ਜਦ ਮੈਂ ਲੋਕਾਂ ਦੀਆਂ ਭੀੜਾਂ ਨੂੰ ਵੇਖਦਾ ਹੈਂ ਤਾਂ ਕੀ ਮੇਰੇ ਅੰਦਰ ਉਨ੍ਹਾਂ ਦੇ ਲਈ ਤਰਸ ਆਉਂਦਾ ਹੈ ਕਿਉਂਕਿ ਸ਼ਤਾਨ ਉਨ੍ਹਾਂ ਨੂੰ ਨਾਸ ਕਰ ਰਿਹਾ ਹੈ?

ਰੋਮੀਆਂ 12:9 *ਪ੍ਰੇਮ ਨਿਸ਼ਕਪਟ ਹੋਵੇ, ਬੁਰਿਆਈ ਤੋਂ ਸੂਗ ਕਰੋ, ਭਲਿਆਈ ਨਾਲ ਮਿਲੇ ਰਹੋ।*

ਰੋਮੀਆਂ 12:21 ਬੁਰਿਆਈ ਤੋਂ ਨਾ ਹਾਰ ਸਗੋਂ ਭਲਿਆਈ ਨਾਲ ਬੁਰਿਆਈ ਨੂੰ ਜਿੱਤ ਲੈ।

IV. ਵੈਰੀ ਦੀ ਰਣਨੀਤੀ ਜਾਂ ਤਰੀਕਾ

ਉਪਦੇਸ਼ਕ 9:14-18 (NAS) *ਇੱਕ ਨਿੱਕਾ ਜਿਹਾ ਸ਼ਹਿਰ ਸੀ ਅਤੇ ਉਹ ਦੇ ਵਿੱਚ ਲੋਕ ਥੋੜੇ ਸਨ। ਉਹ ਦੇ ਉੱਤੇ ਇੱਕ ਵੱਡੇ ਪਾਤਸ਼ਾਹ ਨੇ ਚੜ੍ਹਾਈ ਕੀਤੀ ਅਤੇ ਉਹ ਨੂੰ ਘੇਰਾ ਪਾਇਆ ਅਤੇ ਉਹ ਦੇ ਸਾਹਮਣੇ ਵੱਡੇ ਦਮਦਮੇ ਬੰਨ੍ਹੇ। ਪਰ ਉਹ ਦੇ ਵਿੱਚ ਇੱਕ ਮਸਕੀਨ ਬੁੱਧਵਾਨ ਮਨੁੱਖ ਮਿਲਿਆ ਜਿਸ ਨੇ **ਆਪਣੀ ਬੁੱਧ ਨਾਲ ਉਸ ਸ਼ਹਿਰ ਨੂੰ ਬਚਾ ਲਿਆ** ਤਾਂ ਵੀ ਕਿਸੇ ਆਦਮੀ ਨੇ ਉਸ ਮਸਕੀਨ ਨੂੰ ਚੇਤੇ ਨਾ ਕੀਤਾ। ਤਦ ਮੈਂ ਆਖਿਆ ਭਈ **ਜ਼ੋਰ ਨਾਲੋਂ ਬੁੱਧ ਚੰਗੀ ਹੈ,** ਤਾਂ ਵੀ ਮਸਕੀਨ ਦੀ ਬੁੱਧ ਤੁੱਛ ਸਮਝੀ ਜਾਂਦੀ ਹੈ ਅਤੇ ਉਹ ਦੀਆਂ ਗੱਲਾਂ ਸੁਣੀਆਂ ਨਹੀਂ ਜਾਂਦੀਆਂ। ਬੁੱਧਵਾਨਾਂ ਦੀਆਂ ਹੌਲੀ ਆਖੀਆਂ ਹੋਈਆਂ ਗੱਲਾਂ ਉਸ ਦੇ ਰੌਲੇ ਨਾਲੋਂ ਜੋ ਮੂਰਖਾਂ ਦਾ ਹਾਕਮ ਹੈ ਵਧੀਕ ਸੁਣੀਆਂ ਜਾਂਦੀਆਂ ਹਨ। **ਜੁੱਧ ਦੇ ਸ਼ਸਤਰਾਂ ਨਾਲੋਂ ਬੁੱਧ ਚੰਗੀ ਹੈ** ਪਰ ਇੱਕ ਪਾਪੀ ਬਹੁਤ ਸਾਰੀ ਭਲਿਆਈ ਦਾ ਨਾਸ ਕਰਦਾ ਹੈ।*

ਯੁੱਧ ਵਿੱਚ ਸਭ ਤੋਂ ਮਹੱਤਵਪੂਰਨ ਗੱਲ ਹੈ ਆਪਣੇ ਵੈਰੀ ਨੂੰ **ਜਾਣਨਾ** ਅਤੇ **ਸਮਝਣਾ।** ਕਹਾਉਤਾਂ 24:5-6

ਵੈਰੀ ਦੀ ਰਣਨੀਤੀ:

**A.** ਵਿਸ਼ਵਾਸੀਆਂ ਦੇ ਜੀਵਨ ਅਤੇ ਸੇਵਾ ਉੱਤੇ ਹਮਲਾ ਕਰਨਾ

1. ਤੁਹਾਨੂੰ ਅਗਾਂਹ ਵਧਣ ਤੋਂ ਰੋਕਣਾ: 1 ਥੱਸਲੁਨੀਕੀਆਂ 2:18

2. ਪਰਤਾਵੇ: ਲੂਕਾ 4:1-13; ਯਾਕੂਬ 1:13-16

   ਯੂਹੰਨਾ 14:30 *... ਮੇਰੇ ਵਿੱਚ ਉਹ ਦਾ ਕੁਝ ਨਹੀਂ ਹੈ।*

3. ਝੂਠ ਅਤੇ ਛਲ ਦੁਆਰਾ ਸੰਦੇਹ ਪੈਦਾ ਕਰਨਾ:

   a. ਯੂਹੰਨਾ 8:44 "ਝੂਠ ਦਾ ਪਤੰਦਰ"

   b. 2 ਕੁਰਿੰਥੀਆਂ 11:3 ਹੱਵਾਹ ਨੂੰ ਭਰਮਾਇਆ

c. 2 ਕੁਰਿੰਥੀਆਂ 11:13-14 ਚਾਨਣ ਦੇ ਦੂਤ

d. 1 ਤਿਮੋਥਿਉਸ 4:1; 2 ਤਿਮੋਥਿਉਸ 2:24-26 ਕਈਆਂ ਨੂੰ ਭਰਮਾਉਂਦਾ ਹੈ

e. ਪਰਕਾਸ਼ 20:3, 8 ਕੌਮਾਂ ਨੂੰ ਭਰਮਾਵੇ

4. ਇਲਜ਼ਾਮ ਲਗਾਉਂਦਾ ਹੈ ਅਤੇ ਦੋਸ਼ੀ ਠਹਿਰਾਉਂਦਾ ਹੈ: ਪਰਕਾਸ਼ 12:10 ਰੋਮੀਆਂ 8:1

5. ਬਿਮਾਰੀ: ਲੂਕਾ 13:10-17 (ਆਇਤ 11, 16)

6. ਸਤਾਓ: 2 ਕੁਰਿੰਥੀਆਂ 11:23-27; ਮੱਤੀ 5:11, 44; ਯੂਹੰਨਾ.15:20

7. ਪ੍ਰਾਰਥਨਾਵਾਂ ਵਿੱਚ ਰੁਕਾਵਟ ਪਾਉਂਦਾ ਹੈ ਦਾਨੀਏਲ 10:2-6, 12, 20-21

8. ਤੁਹਾਨੂੰ ਉਦਾਸੀਨ, ਕਿਸੇ ਦੀ ਚਿੰਤਾ ਨਾ ਕਰਨ ਵਾਲੇ, ਆਲਸੀ ਅਤੇ ਲਾਪਰਵਾਹ ਬਣਾ ਦਿੰਦਾ ਹੈ
ਮੱਤੀ 24:12 ਹਿਜ਼ਕੀਏਲ 9:4 ਪਰਕਾਸ਼ 3:15-19

9. ਮਾਰਨਾ, ਚੁਰਾਉਣਾ ਅਤੇ ਨਾਸ ਕਰਨਾ ਯੂਹੰਨਾ 10:10; 1 ਪਤਰਸ 5:8 "ਬੁੱਕਦਾ ਸ਼ੀਂਹ"

- ਮੱਤੀ 13:19 ਵਚਨ ਨੂੰ ਚੁਰਾਉਂਦਾ ਹੈ
- ਲੂਕਾ 11:14 ਦੁਸ਼ਟ ਆਤਮੇ ਨੇ ਬੋਲਣ ਤੋਂ ਰੋਕਿਆ
- ਮੱਤੀ 12:22 ਦੁਸ਼ਟ ਆਤਮੇ ਨੇ ਅੱਖਾਂ ਦੀ ਰੋਸ਼ਨੀ ਅਤੇ ਅਵਾਜ਼ ਚੁਰਾ ਲਈ।

ਮਰਕੁਸ 9:22 *ਅਤੇ ਕਈ ਵਾਰੀ ਉਸ ਨੇ ਇਹ ਨੂੰ ਅੱਗ ਵਿੱਚ ਅਰ ਪਾਣੀ ਵਿੱਚ ਭੀ ਸੁੱਟਿਆ ਹੈ ਭਈ ਇਹ ਦਾ **ਨਾਸ ਕਰੇ** ਪਰ ਜੇ ਤੁਸੀਂ ਕੁਝ ਕਰ ਸੱਕਦੇ ਹੋ ਤਾਂ ਸਾਡੇ ਉੱਤੇ ਤਰਸ ਖਾ ਕੇ ਸਾਡੀ ਸਹਾਇਤਾ ਕਰੋ।"* (NKJ)

ਯੂਹੰਨਾ 5:5, 14 *ਅਰ ਉੱਥੇ ਇੱਕ ਮਨੁੱਖ ਸੀ ਜੋ ਅਠੱਤੀਆਂ ਵਰਿਹਾਂ ਤੋਂ ਆਪਣੇ ਰੋਗ ਦਾ ਮਾਰਿਆ ਹੋਇਆ ਸੀ। ਇਹ ਦੇ ਪਿੱਛੋਂ ਯਿਸੂ ਉਹ ਨੂੰ ਹੈਕਲ ਵਿੱਚ ਮਿਲਿਆ ਅਤੇ ਉਹ ਨੂੰ ਕਿਹਾ "ਵੇਖ ਹੁਣ ਤੂੰ ਚੰਗਾ ਹੋ ਗਿਆ ਹੈਂ, ਫੇਰ **ਪਾਪ ਨਾ ਕਰੀਂ** ਕਿਤੇ ਐਉਂ ਨਾ ਹੋਵੇ ਜੋ **ਐਸ ਨਾਲੋਂ ਵੀ ਕੋਈ ਬੁਰੀ ਬਿਪਤਾ** ਤੇਰੇ ਉੱਤੇ ਆ ਪਵੇ।"* NASU

ਜ਼ਬੂਰ 97:10 *ਹੇ ਯਹੋਵਾਹ ਦੇ ਪ੍ਰੇਮਿਓ, ਬੁਰਿਆਈ ਤੋਂ ਘਿਣ ਕਰੋ! ਉਹ ਆਪਣੇ ਸੰਤਾਂ ਦੀਆਂ ਜਾਨਾਂ ਦੀ ਰੱਖਿਆ ਕਰਦਾ ਹੈ, ਉਹ ਉਨ੍ਹਾਂ ਨੂੰ ਦੁਸ਼ਟਾਂ ਦੇ ਹੱਥੋਂ ਛੁਡਾਉਂਦਾ ਹੈ।*

ਵੈਰੀ ਦੀ ਰਣਨੀਤੀ:

**B.** ਗੜ੍ਹ ਸਥਾਪਿਤ ਕਰਨਾ – ਉਸ ਦੇ ਨਿਯੰਤ੍ਰਣ ਹੇਠ ਇਲਾਕਾ

**2 ਕੁਰਿੰਥੀਆਂ 10:3-5** ਅਸੀਂ ਭਾਵੇਂ ਸਰੀਰ ਦੇ ਵਿੱਚ ਚੱਲਦੇ ਹਾਂ ਪਰ ਸਰੀਰ ਦੇ ਅਨੁਸਾਰ ਜੁੱਧ ਨਹੀਂ ਕਰਦੇ। (4) ਇਸ ਲਈ ਜੋ ਸਾਡੇ ਜੁੱਧ ਦੇ ਸ਼ਸਤਰ ਸਰੀਰਕ ਨਹੀਂ ਸਗੋਂ ਪਰਮੇਸ਼ਰ ਦੇ ਭਾਣੇ **ਕਿਲ੍ਹਿਆਂ ਦੇ ਢਾਹ ਦੇਣ ਲਈ** ਡਾਢੇ ਤਕੜੇ ਹਨ। (5) ਸੋ ਅਸੀਂ ਵਹਿਮਾਂ ਨੂੰ ਅਤੇ ਹਰ ਇੱਕ ਉੱਚੀ ਗੱਲ ਨੂੰ ਜਿਹੜੀ ਪਰਮੇਸ਼ਰ ਦੇ ਗਿਆਨ ਦੇ ਵਿਰੁੱਧ ਸਿਰ ਚੁੱਕਦੀ ਹੈ ਢਾਹ ਦਿੰਦੇ ਹਾਂ ਅਤੇ **ਹਰ ਇੱਕ ਖਿਆਲ ਨੂੰ** ਬੰਧਨ ਵਿੱਚ ਲਿਆਉਂਦੇ ਹਾਂ ਭਈ ਉਹ ਮਸੀਹ ਦਾ ਆਗਿਆਕਾਰ ਹੋਵੇ।

ਜੋ ਉਸ ਦੇ ਨਿਯੰਤ੍ਰਣ ਵਿੱਚ ਨਹੀਂ ਹੈ, ਉਸ ਨੂੰ ਜਿੱਤਣ ਲਈ ਉਹ ਪੂਰਾ ਜਤਨ ਕਰਦਾ ਹੈ।

**1. ਨਿੱਜੀ ਗੜ੍ਹ** – ਸਾਡੇ ਸੋਚਣ ਦਾ ਤਰੀਕਾ – ਵਿਸ਼ਵਾਸ ਕਰਨ ਦਾ ਤਰੀਕਾ

ਸ਼ਤਾਨ ਸਾਨੂੰ ਪ੍ਰਭਾਵਿਤ ਕਰਨ ਦਾ ਜਤਨ ਕਰਕੇ ਅਰੰਭ ਕਰਦਾ ਹੈ, ਵਿਚਾਰਾਂ ਅਤੇ ਕੰਮਾਂ ਦੀ ਇੱਕ ਸ਼ੈਲੀ ਵਿਕਸਿਤ ਕਰਦਾ ਹੈ ਅਤੇ ਹੌਲੀ-ਹੌਲੀ ਇਸ ਖੇਤਰ ਨੂੰ ਨਿਯੰਤ੍ਰਣ ਕਰਦਾ ਹੈ ਅਤੇ ਇੱਥੋਂ ਆਪਣੇ ਰਾਜ ਨੂੰ ਵਧਾਉਂਦਾ ਹੈ। 2 ਕੁਰਿੰਥੀਆਂ 10:5-6

**a.** ਦੁਨਿਆਵੀ ਕਦਰਾਂ-ਕੀਮਤਾਂ

ਮੱਤੀ 16:21-23 ਲੂਕਾ 16:14-15
ਮਰਕੁਸ 4:18-19 ਯਾਕੂਬ 4:4
1 ਯੂਹੰਨਾ 2:14-17

**b.** ਘੁਮੰਡ ਯਾਕੂਬ 4:5-10; 1 ਪਤਰਸ 5:5-9; ਯਸਾਯਾਹ 2:10-17

ਪਤਰਸ ਵਿੱਚ ਘੁਮੰਡ ਦਾ ਇੱਕ ਨਿੱਜੀ ਗੜ੍ਹ ਸੀ: ਲੂਕਾ 22:31-32.
ਘੁਮੰਡ ਨੇ ਸ਼ਤਾਨ ਨੂੰ ਪਤਰਸ ਉੱਤੇ ਹਮਲਾ ਕਰਨ ਦਾ ਕਨੂੰਨੀ ਅਧਿਕਾਰ ਦੇ ਦਿੱਤਾ। ਆਇਤ 24 ਪਤਰਸ ਦੇ ਚਰਿੱਤਰ ਬਾਰੇ ਜਾਣ ਕੇ ਉਹ ਬਹਿਸ ਵਿੱਚ ਜਿੱਤ ਗਿਆ। ਸ਼ਤਾਨ ਨੇ ਹਮਲਾ ਕੀਤਾ ਅਤੇ 'ਤਕੜੇ' ਪਤਰਸ ਨੇ ਤਿੰਨ ਵਾਰੀ ਪ੍ਰਭੂ ਦਾ ਇਨਕਾਰ ਕਰ ਦਿੱਤਾ। ਪ੍ਰਭੂ ਨੇ ਇਸ ਨੂੰ ਭਲਿਆਈ ਵਿੱਚ ਬਦਲ ਦਿੱਤਾ (ਰੋਮੀਆਂ 8:28)। ਇਸ ਨੇ ਪਤਰਸ ਦੇ ਘੁਮੰਡ ਨੂੰ ਭੰਨ ਦਿੱਤਾ (ਲੂਕਾ 22:61-62)। ਉਸ ਨੇ ਸਿੱਖ ਲਿਆ ਕਿ ਉਸ ਦਾ ਬਲ ਕਾਫੀ ਨਹੀਂ ਸੀ। ਯਿਸੂ ਨੇ ਉਸ ਨੂੰ ਪੁਨਰ ਸਥਾਪਿਤ ਕੀਤਾ (ਯੂਹੰਨਾ 21:15-17; ਪਰਕਾਸ਼ 12:11)।

**c.** ਖਿਮਾ ਨਾ ਕਰਨਾ – 2 ਕੁਰਿੰਥੀਆਂ 2:10-11 ਇਬਰਾਨੀਆਂ 12:15
ਮੱਤੀ 7:1 ਮੱਤੀ 18:21-35

**d.** ਗੁੱਸਾ, ਝੂਠ, ਚੋਰੀ, ਅਪਸ਼ਬਦ, ਨਿੰਦਾ ਕਰਨਾ, ਕੁੜੱਤਣ, ਈਰਖਾ, ਸੁਆਰਥੀ ਮੰਤਵ:
ਅਫ਼ਸੀਆਂ 4:25-32 ਯਾਕੂਬ 3:1-16; 4:11-12

**e.** ਸਰੀਰ ਦੀ ਲਾਲਸਾ ਗਲਾਤੀਆਂ 5:19-21 1 ਪਤਰਸ 2:11-12

1 ਤਿਮੋਥਿਉਸ 3:7 *ਨਾਲੇ ਚਾਹੀਦਾ ਹੈ ਜੋ ਬਾਹਰ ਵਾਲਿਆਂ ਦੇ ਕੋਲੋਂ ਉਹ ਦੀ ਨੇਕਨਾਮੀ ਹੋਵੇ ਭਈ ਉਹ ਬੋਲੀ ਹੇਠ ਨਾ ਆ ਜਾਵੇ ਅਤੇ ਸ਼ਤਾਨ ਦੀ* ***ਫਾਹੀ*** *ਵਿੱਚ ਨਾ ਫਸ ਜਾਵੇ।*

2 ਤਿਮੋਥਿਉਸ 2:26 *ਅਤੇ ਉਹ ਦੀ ਇੱਛਿਆ ਨੂੰ ਪੂਰਿਆਂ ਕਰਨ ਲਈ ਸ਼ਤਾਨ ਦੀ ਫਾਹੀ ਵਿੱਚ* ***ਫਸ ਕੇ*** *ਹੋਸ਼ ਵਿੱਚ ਆਣ ਕੇ ਬਚ ਨਿੱਕਲਣ।*

ਅਫ਼ਸੀਆਂ 5:1-13 ਕੁਲੁੱਸੀਆਂ 3:1-10

ਆਪਣੇ ਰਾਜ ਦਾ ਵਿਸਥਾਰ ਇਨ੍ਹਾਂ ਖੇਤਰਾਂ ਤਕ ਕਰ ਲੈਂਦਾ ਹੈ:

**2. ਪਰਿਵਾਰਕ ਗੜ੍ਹ** - ਨਿੱਜੀ ਗੜ੍ਹਾਂ ਦੇ ਨਤੀਜੇ

ਪੁਰਖਿਆਂ ਦੇ ਪਾਪ ਜੋ ਅਗਲੀਆਂ ਪੀੜ੍ਹੀਆਂ ਅੰਦਰ ਕਿਸੇ ਖਾਸ ਤਰ੍ਹਾਂ ਦੇ ਪਾਪਾਂ ਦੇ ਪ੍ਰਤੀ ਕਮਜ਼ੋਰੀ ਜਾਂ ਅਪਰਾਧ ਪੈਦਾ ਕਰਦੇ ਹਨ।

a. ਜਿਵੇਂ ਕਇਨ ਨੇ ਹੱਤਿਆ ਕੀਤੀ, ਉਵੇਂ ਹੀ ਉਸ ਦੇ ਪੋਤਿਆਂ ਨੇ ਵੀ ਕੀਤਾ। ਉਤਪਤ 4:23-24

b. ਅਬਰਾਹਾਮ ਨੇ ਆਪਣੀ ਪਤਨੀ ਬਾਰੇ ਝੂਠ ਬੋਲਿਆ। ਉਤਪਤ 12:13; 20:2
ਇਸਹਾਕ ਨੇ ਆਪਣੀ ਪਤਨੀ ਬਾਰੇ ਝੂਠ ਬੋਲਿਆ। ਉਤਪਤ 26:7
ਯਾਕੂਬ ਇੱਕ ਨਾਮੀ ਧੋਖੇਬਾਜ਼ ਸੀ।

c. ਬੁਰੇ ਧਰਮ ਅਤੇ ਮੂਰਤੀ ਪੂਜਾ: ਲੇਵੀਆਂ 20:5-7

d. ਲਾਲਚ – ਧਨ ਦਾ ਲੋਭ – ਭ੍ਰਿਸ਼ਟਾਚਾਰ
ਏਲੀ ਅਤੇ ਉਸ ਦੇ ਬੁਰਿਆਰ ਪੁੱਤਰ: 1 ਸਮੂਏਲ 2:29; 3:13

e. ਅਨੈਤਿਕਤਾ
ਲੂਤ ਅਤੇ ਉਸ ਦੀਆਂ ਧੀਆਂ: ਉਤਪਤ 19:30, 32

ਆਪਣੇ ਰਾਜ ਨੂੰ ਇਨ੍ਹਾਂ ਖੇਤਰਾਂ ਤਕ ਵਧਾਉਂਦਾ ਹੈ:

**3. ਨਗਰ, ਜਾਤੀ, ਕੌਮ ਜਾਂ ਰਾਸ਼ਟਰੀ ਗੜ੍ਹ**

ਜਦ ਕੋਈ ਪੂਰੀ ਦੀ ਪੂਰੀ ਕੌਮ ਆਪਣੇ ਆਪ ਨੂੰ ਕਿਸੇ ਸ਼ਤਾਨੀ ਸਿੱਖਿਆ (ਡਾਕਟ੍ਰੀਨ) ਜਾਂ ਖਾਸ ਤਰ੍ਹਾਂ ਦੇ ਪਾਪਾਂ ਦੇ ਸਪੁਰਦ ਕਰ ਦਿੰਦੀ ਹੈ, ਤਾਂ ਇਸ ਨਾਲ ਸ਼ਤਾਨ ਨੂੰ **ਉਨ੍ਹਾਂ ਦੇ ਇਲਾਕੇ** ਤੇ ਕਬਜ਼ਾ ਕਰਨ ਦਾ **"ਕਨੂੰਨੀ ਹੱਕ"** ਮਿਲ ਜਾਂਦਾ ਹੈ।

ਉਹ ਪਾਪ ਜੋ ਕੌਮ ਅਤੇ ਦੇਸ਼ ਨੂੰ ਭ੍ਰਿਸ਼ਟ ਕਰਦੇ ਹਨ:

- ਜਿਨਸੀ ਪਾਪ – ਲੇਵੀਆਂ 18:1-30; ਆਇਤਾਂ 24-30
  - ਆਇਤ 24: ਮਨੁੱਖ, ਕੌਮ ਅਤੇ ਦੇਸ਼ ਭ੍ਰਿਸ਼ਟ ਹੋ ਜਾਂਦੇ ਹਨ।
  - ਆਇਤ 25: ਧਰਤੀ ਆਪਣੇ ਵਸਨੀਕਾਂ ਨੂੰ ਉਗਲੱਛ ਦਿੰਦੀ ਹੈ।
  - ਲੇਵੀਆਂ 19:29 ਵੇਸਵਾਬਾਜ਼ੀ ਦੇਸ਼ ਨੂੰ ਭ੍ਰਿਸ਼ਟ ਕਰ ਦਿੰਦੀ ਹੈ।
- ਮੂਰਤੀ ਪੂਜਾ ਜ਼ਬੂਰ 106:34-38
  1) ਮੂਰਤੀਆਂ ਦੀ ਉਪਾਸਨਾ ਕੀਤੀ।
  2) ਆਪਣੇ ਧੀਆਂ-ਪੁੱਤਰਾਂ ਦੀ ਬਲੀ ਦਿੱਤੀ।
  3) ਨਿਰਦੋਸ਼ ਲਹੂ ਵਹਾਇਆ – ਦੇਸ ਨੂੰ ਅਸ਼ੁੱਧ ਕੀਤਾ।
- ਜਾਦੂ-ਟੂਣਾ ਬਿਵਸਥਾ ਸਾਰ 18:9-14
- ਹੱਤਿਆ – ਲੋਕਾਂ ਨੂੰ ਮਾਰਨਾ
  - ਉਤਪਤ 4:9-12; ਗਿਣਤੀ 35:33-34
  - ਬਿਵਸਥਾ ਸਾਰ 21:1-9 ਇਬਰਾਨੀਆਂ 12:24

ਜਿਸ ਇਲਾਕੇ ਨੂੰ ਪਰਮੇਸ਼ਰ ਨੇ ਉਨ੍ਹਾਂ ਨੂੰ ਦਿੱਤਾ ਸੀ, ਉਸ ਨੂੰ ਉਨ੍ਹਾਂ ਨੇ ਪਾਪ ਕਰਨ ਦੁਆਰਾ ਸ਼ਤਾਨ ਦੀ ਆਗਿਆਕਾਰੀ ਕਰਦੇ ਹੋਏ ਉਸ ਦੇ ਸਪੁਰਦ ਕਰ ਦਿੱਤਾ।

ਜਿਵੇਂ ਕਿ, ਰਸੂਲਾਂ ਦੇ ਕਰਤੱਬ 17:26; ਬਿਵਸਥਾ ਸਾਰ 32:8

- ਆਦਮ ਨੇ ਆਪਣਾ ਅਧਿਕਾਰ-ਖੇਤਰ ਸ਼ਤਾਨ ਦੇ ਸਪੁਰਦ ਕਰ ਦਿੱਤਾ।
- ਸੈਨ ਫ੍ਰਾਂਸਿਸਕੋ ਸੰਮਲੈਂਗਿਕਤਾ ਲਈ ਮਸ਼ਹੂਰ ਹੈ।
- ਸ਼ਿਕਾਗੋ ਲੋਕਾਂ ਦੀਆਂ ਭੀੜਾਂ ਵੱਲੋਂ ਕੀਤੀ ਜਾਣ ਵਾਲੀ ਹਿੰਸਾ ਲਈ ਮਸ਼ਹੂਰ ਹੈ।
- ਲਾਸ ਵੇਗਾਸ ਲਾਲਚ ਅਤੇ ਜੂਏ ਲਈ ਮਸ਼ਹੂਰ ਹੈ।

- ਕਲਕੱਤੇ ਦਾ ਈਸ਼ਵਰ “ਕਾਲੀ” ਹੈ, ਜੋ ਮੌਤ ਦੀ ਦੇਵੀ ਹੈ।
- ਅਫ਼ਸੁਸ ਦਾ ਈਸ਼ਵਰ “ਡਿਆਨਾ” ਹੈ ਜੋ ਟੂਣੇ ਅਤੇ ਭੂਤ-ਸਿੱਧੀ ਲਈ ਮਸ਼ਹੂਰ ਸੀ।
- ਭਾਰਤ ਵਿੱਚ ਹਿੰਦੂਆਂ ਦੇ ਲੱਖਾਂ ਦੇਵਤੇ ਹਨ।

ਕਿਸੇ ਇਨਸਾਨ ਵਾਂਗ ਨਗਰ, ਜਾਤੀ ਜਾਂ ਕੌਮ ਉੱਤੇ ਵੀ ਨਿਯੰਤ੍ਰਣ ਕੀਤਾ ਜਾ ਸਕਦਾ ਹੈ ਅਤੇ ਬੁਰੀ ਆਤਮਿਕਤਾ ਇਸ ਦੀ ਪਛਾਣ ਬਣ ਸਕਦੀ ਹੈ।

- ਮੱਤੀ 11:20-24 ਹਰੇਕ ਨਗਰ ਨੂੰ ਆਪਣੇ ਕੰਮਾਂ ਦੀ ਜਿੰਮੇਵਾਰੀ ਲੈਣੀ ਪਵੇਗੀ।
- ਇਬਰਾਨੀਆਂ 11:10 ਜਿਸ ਆਤਮਕ ਨੀਂਹ ’ਤੇ ਕਿਸੇ ਨਗਰ ਜਾਂ ਰਾਸ਼ਟਰ ਦੀ ਉਸਾਰੀ ਹੋਈ ਹੈ, ਉਹ ਬਹੁਤ ਮਹੱਤਵਪੂਰਨ ਹੈ।
- ਹਬੱਕੂਕ 2:12
- ਨਹੂਮ 3:1

ਇਹ ਗੱਲਾਂ ਲਗਭਗ ਪੂਰੇ ਦੇ ਪੂਰੇ ਸੱਭਿਆਚਾਰਾਂ ਤੇ ਅਸਰ ਪਾ ਸਕਦੀਆਂ ਹਨ। ਸ਼ਤਾਨ ਲੋਕਾਂ ਦੇ ਅਜਿਹੇ ਆਗੂਆਂ ਨੂੰ ਭਾਲਦਾ ਹੈ ਜੋ ਉਸ ਦੀ ਸੇਵਾ ਕਰਨ ਅਤੇ ਇਸ ਦੇ ਬਦਲੇ ਉਹ ਉਨ੍ਹਾਂ ਨੂੰ ਸ਼ਕਤੀ ਦਿੰਦਾ ਹੈ।

a. “ਸੂਰ ਦਾ ਪਰਧਾਨ” (ਧਰਤੀ ਉੱਤੇ) ਅਤੇ “ਸੂਰ ਦਾ ਪਾਤਸ਼ਾਹ” (ਸੁਰਗੀ ਥਾਂਵਾਂ ਵਿੱਚ)
ਹਿਜ਼ਕੀਏਲ 28:2, 12

b. “ਫਾਰਸ ਦਾ ਪਰਧਾਨ” ਅਤੇ “ਫਾਰਸ ਦਾ ਪਾਤਸ਼ਾਹ।” ਦਾਨੀਏਲ 10:20
ਸੱਦਾਮ ਹੁਸੈਨ ਨੂੰ ਸ਼ਕਤੀ ਦਿੰਦਾ ਰਿਹਾ।

c. ਏਡੋਲਫ ਹਿਟਲਰ ਦੇ ਨਾਜ਼ੀ ਜਰਮਨੀ ਦੀ ਲਹਿਰ ਪਿੱਛੇ ਇੱਕ ਸ਼ਤਾਨੀ ਤਾਕਤ ਸੀ ਜਿਸ ਨੇ ਪੂਰੇ ਰਾਸ਼ਟਰ ਨੂੰ ਆਪਣੇ ਵੱਸ ਵਿੱਚ ਕਰ ਲਿਆ ਸੀ। ਇਹ ਸਾਫ਼ ਹੈ ਕਿ ਹਿਟਲਰ ਖੁਲ੍ਹੇਆਮ ਹਨੇਰੇ ਦੀਆਂ ਇਨ੍ਹਾਂ ਸ਼ਕਤੀਆਂ ਨੂੰ ਆਪਣੇ ਅੰਦਰ ਸੱਦਦਾ ਸੀ।
ਇਸ ਆਤਮਾ ਦਾ ਅਸਰ ਅੱਜ ਵੀ ਜਰਮਨੀ ਦੇ ਕੁਝ ਲੋਕਾਂ ਤੇ ਹੈ।

ਯਸਾਯਾਹ 24:21 *ਉਸ ਦਿਨ ਐਉਂ ਹੋਵੇਗਾ ਕਿ ਯਹੋਵਾਹ ਅਸਮਾਨੀ ਸੈਨਾਂ ਨੂੰ ਅਸਮਾਨ ਉੱਤੇ, ਅਤੇ ਜਮੀਨ ਦੇ ਰਾਜਿਆਂ ਨੂੰ ਜਮੀਨ ਉੱਤੇ ਸਜ਼ਾ ਦੇਵੇਗਾ।*

4. **ਸ਼ਤਾਨੀ ਧਾਰਮਿਕ ਗੜ੍ਹ**

ਪਰਮੇਸ਼ਰ ਦੇ ਪਰਕਾਸ਼ ਨੂੰ ਰੱਦ ਕੇ ਅਤੇ ਦੁਸ਼ਟ ਆਤਮਿਆਂ ਦੀ ਸੇਵਾ ਜਾਂ ਉਪਾਸਨਾ ਕਰਕੇ ਲੋਕਾਂ ਦੁਆਰਾ ਸਥਾਪਿਤ ਕੀਤਾ ਜਾਂਦਾ ਹੈ, ਤਾਂ ਜੋ ਉਨ੍ਹਾਂ ਦੇ ਹਾਲਾਤ ਸੌਖੇ ਹੋ ਸਕਣ ਅਤੇ ਉਨ੍ਹਾਂ ਦੀਆਂ ਆਪਣੀਆਂ ਆਤਮਕ ਜ਼ਰੂਰਤਾਂ ਸੰਤੁਸ਼ਟ ਹੋ ਸਕਣ।

2 ਕੁਰਿੰਥੀਆਂ 11:14 ਅਤੇ ਇਹ ਅਚਰਜ ਦੀ ਗੱਲ ਨਹੀਂ ਕਿਉਂ ਜੋ ਸ਼ਤਾਨ ਵੀ ਆਪਣੇ ਰੂਪ ਨੂੰ ਚਾਨਣ ਦੇ ਦੂਤ ਦੇ ਰੂਪ ਵਿੱਚ ਵਟਾਉਂਦਾ ਹੈ।

ਇਹ **ਦੁਸ਼ਟ ਹਾਕਮ** ਹੇਠ ਲਿਖੇ ਕੰਮਾਂ ਦੁਆਰਾ ਆਪਣੀ ਹਕੂਮਤ ਨੂੰ ਸਦੀਆਂ ਤੱਕ ਕਾਇਮ ਰੱਖਦੇ ਹਨ:

a. **ਧਾਰਮਿਕ ਪਰਬ,** ਧਾਰਮਿਕ ਰੀਤੀ-ਰਿਵਾਜ਼ ਅਤੇ ਤੀਰਥ ਯਾਤਰਾਵਾਂ। ਇਨ੍ਹਾਂ ਸਰਗਰਮੀਆਂ ਦੇ ਦੌਰਾਨ ਕੰਮ ਕਰਨ ਵਾਲੀ ਆਤਮਕ ਸ਼ਕਤੀ ਬਾਰੇ ਕਈ ਲੋਕਾਂ ਨੇ ਗਵਾਹੀ ਦਿੱਤੀ ਹੈ ਕਿ ਇਨ੍ਹਾਂ ਕਰਕੇ ਇਹ ਕੰਮ ਹੁੰਦੇ ਹਨ; ਅੱਤਿਆਚਾਰ ਵਿੱਚ ਵਾਧਾ, ਸਤਾਓ, ਸ਼ਤਾਨੀ ਚਿੰਨ੍ਹ ਅਤੇ ਚਮਤਕਾਰ।

   ਜਿਵੇਂ ਕਿ ਇਸਲਾਮਿਕ ਹਜ; ਭਾਰਤ ਵਿੱਚ ਕੁੰਭ ਦਾ ਮੇਲਾ, ਵਗੈਰਾ।

b. ਉਹ ਆਪਣੇ ਪੁਰਖਿਆਂ ਦੁਆਰਾ ਬਣਾਏ ਗਏ ਨੇਮਾਂ ਨੂੰ **ਮੁੜ ਨਵਾਂ** ਕਰਦੇ ਰਹਿੰਦੇ ਹਨ ਅਤੇ ਅੱਜ ਲੋਕਾਂ ਅਤੇ ਇਲਾਕਿਆਂ ਉੱਤੇ **ਸ਼ਤਾਨ ਦੇ ਕਨੂੰਨੀ ਅਧਿਕਾਰ ਨੂੰ ਵਧਾਉਂਦੇ** ਰਹਿੰਦੇ ਹਨ।

c. ਇਨ੍ਹਾਂ ਤਿਓਹਾਰਾਂ, ਧਾਰਮਿਕ ਰੀਤੀ-ਰਿਵਾਜਾਂ ਅਤੇ ਤੀਰਥ ਯਾਤਰਾਵਾਂ ਨੂੰ "ਪਰੰਪਰਾਵਾਂ" ਆਖਿਆ ਜਾਂਦਾ ਹੈ। ਪਰੰਪਰਾਵਾਂ ਕਰਕੇ ਖੇਤਰੀ ਹਾਕਮਾਂ ਦੀ ਹਕੂਮਤ ਬਣੀ ਰਹਿੰਦੀ ਹੈ।

d. ਜਾਦੂ-ਟੂਣਾ, ਸ਼ਤਾਨ ਦੀ ਪੂਜਾ ਅਤੇ ਅੱਜ ਦੇ ਆਧੁਨਿਕ ਧਰਮ ਜੋ ਚਲਦੇ ਰਹਿਣ ਲਈ ਜਾਦੂ-ਟੂਣੇ ਦੀ ਸਹਾਇਤਾ ਨਾਲ ਖੇਤਰੀ ਆਤਮਾਵਾਂ ਨੂੰ ਤਾਕਤਵਰ ਬਣਾਉਣ, ਸਰਾਪ ਲਿਆਉਣ, ਦਸਤੂਰ ਪੂਰੇ ਕਰਨ ਅਤੇ ਹਵਨਾਂ ਲਈ ਆਤਮਾਵਾਂ ਨੂੰ ਬੁਲਾਉਂਦੇ ਹਨ।

   - ਬਿਵਸਥਾ ਸਾਰ 18:9-14
   - 1 ਕੁਰਿੰਥੀਆਂ 10:20-21
   - 2 ਕੁਰਿੰਥੀਆਂ 6:14-7:1

ਜਦ ਪਾਪ ਇਸ ਵਿੱਚ ਸ਼ਾਮਲ ਹੋ ਜਾਂਦਾ ਹੈ ਤਾਂ ਸ਼ਤਾਨ ਨੂੰ ਵਿਸ਼ੇਸ਼ ਤੌਰ 'ਤੇ ਨਿਯੰਤ੍ਰਣ ਮਿਲਦਾ ਹੈ:

**ਲਹੂ ਵਹਾਉਣਾ** ਅਤੇ **ਜਿਨਸੀ ਭ੍ਰਿਸ਼ਟਤਾ**

ਨੇਮ ਬਣਾਉਣ ਵੇਲੇ ਇਨ੍ਹਾਂ ਦੋਹਾਂ ਦੀ ਵਰਤੋਂ ਕੀਤੀ ਜਾਂਦੀ ਹੈ।

a. **ਲਹੂ**: ਜ਼ਬੂਰ 106:35-38 ਆਪਣੇ ਪੁੱਤਰਾਂ ਧੀਆਂ ਨੂੰ ਭੂਤਨਿਆਂ ਲਈ ਬਲੀਦਾਨ ਕੀਤਾ

ਗਿਣਤੀ 35:33 ਉਤਪਤ 4:10-12

ਇਬਰਾਨੀਆਂ 12:24 ਅਤੇ ਯਿਸੂ ਕੋਲ ਜਿਹੜਾ ਨਵੇਂ ਨੇਮ ਦਾ ਵਿਚੋਲਾ ਹੈ ਅਤੇ ਛਿੜਕੇ ਹੋਏ ਲਹੂ ਦੇ ਕੋਲ ਜੋ ਹਾਬਲ ਦੇ ਲਹੂ ਨਾਲੋਂ ਉੱਤਮ ਗੱਲਾਂ ਕਰਦਾ ਹੈ।

ਹਾਬਲ ਦਾ ਲਹੂ ਨਿਆਂ ਲਈ ਪੁਕਾਰਦਾ ਸੀ।
ਯਿਸੂ ਦਾ ਲਹੂ ਖਿਮਾ ਲਈ ਪੁਕਾਰਦਾ ਹੈ।

b. **ਜਿਨਸੀ**: ਉਤਪਤ 6:1-7 ਭਿਆਣਕ ਸਜ਼ਾ
ਉਤਪਤ 18:20; 19:4-9 ਭਿਆਣਕ ਸਜ਼ਾ
ਰੋਮੀਆਂ 1:23-32, ਆਇਤ 27 ਭਿਆਣਕ ਸਜ਼ਾ

ਉਦਾਹਰਨ: ਜੀਨ ਬਰਟ੍ਰੈਂਡ ਆਰੇਸਟੀਡ 1990 ਵਿੱਚ ਹੇਤੀ ਦਾ ਰਾਸ਼ਟਰਪਤੀ ਬਣਿਆ। ਅਗਸਤ 14, 1991 ਨੂੰ ਉਸ ਨੇ ਹੇਤੀ ਦੇ ਸਭ ਤੋਂ ਵੱਡੇ ਤਾਂਤ੍ਰਿਕਾਂ ਨੂੰ ਹੇਤੀ ਰਾਸ਼ਟਰ ਨੂੰ ਮੁੜ ਮ੍ਰਿਤ ਲੋਕਾਂ ਦੀਆਂ ਆਤਮਾਵਾਂ ਦੇ ਸਪੁਰਦ ਕਰਨ ਲਈ ਰਾਸ਼ਟਰੀ ਪੱਧਰ ਤੇ ਬੋਕਮਨ ਜਾਦੂ-ਟੂਣੇ ਦੀ ਰਸਮ ਦੀ ਅਗਵਾਈ ਕਰਨ ਲਈ ਕਿਹਾ। ਇਸ ਰਸਮ ਵਿੱਚ ਜਾਨਵਰਾਂ ਦੀ ਅਤੇ ਕੁਝ ਲੋਕ ਆਖਦੇ ਹਨ ਕਿ ਮਨੁੱਖਾਂ ਦੀ ਵੀ ਬਲੀ ਦਿੱਤੀ ਜਾਂਦੀ ਹੈ। ਇੱਕ ਮਹੀਨੇ ਬਾਅਦ 29 ਸਤੰਬਰ 1991 ਨੂੰ ਫੌਜ ਵੱਲੋਂ ਹੋਏ ਤਖਤਾ ਪਲਟ ਸਦਕਾ ਉਸ ਨੂੰ ਰਾਸ਼ਟਰਪਤੀ ਪਦ ਤੋਂ ਹਟਾ ਦਿੱਤਾ ਗਿਆ। ਹੇਤੀ ਨੇ ਸਮਾਜਕ ਅਤੇ ਆਰਥਿਕ ਗੋਤਾ ਖਾਧਾ। ਉਸ ਉੱਤੇ ਇੱਕ ਅੰਤਰਰਾਸ਼ਟਰੀ ਰੋਕ ਲਗਾ ਦਿੱਤੀ ਗਈ। ਸਧਾਰਨ ਅਰਥ-ਵਿਵਸਥਾ ਦਾ ਕੋਈ ਨਾਮੋ-ਨਿਸ਼ਾਨ ਤੱਕ ਨਾ ਰਿਹਾ। ਲੱਖਾਂ ਨੌਕਰੀਆਂ ਚਲੀਆਂ ਗਈਆਂ, ਜਿਨ੍ਹਾਂ ਵਿੱਚੋਂ ਕਈਆਂ ਦਾ ਵਾਪਿਸ ਆਉਣਾ ਅਸੰਭਵ ਹੋ ਗਿਆ। ਤਖਤਾ ਪਲਟ ਦੇ ਕਈ ਮਹੀਨਿਆਂ ਮਗਰੋਂ ਇਹ ਖ਼ਬਰ ਛਪੀ ਵੇਖੀ ਗਈ, "ਰਾਜਧਾਨੀ ਪੋਰਟ-ਓ-ਪ੍ਰਿੰਸ, ਜੋ ਚੰਗੇ ਵੇਲੇ ਇੱਕ ਖੁਸ਼ਹਾਲ ਨਗਰ ਹੁੰਦਾ ਸੀ, ਹੁਣ ਭੂਤਾਂ ਦਾ ਡੇਰਾ ਹੋ ਗਿਆ ਹੈ।" ਗੈਸੋਲੀਨ ਦੀ ਘਾਟ ਦੇ ਕਾਰਨ ਜਨਤਕ ਸੇਵਾਵਾਂ ਰੱਦ ਕਰ ਦਿੱਤੀਆਂ ਗਈਆਂ ਅਤੇ ਗਲੀਆਂ ਵਿੱਚ ਕੂੜੇ ਦੇ ਢੇਰ ਲੱਗ ਗਏ। ਕਈ ਵਿਦੇਸ਼ੀ ਨਿਵੇਸ਼ਕਾਂ ਨੇ ਹਯਿਤੀ ਵਿੱਚ ਆਪਣਾ ਸਾਰਾ ਨਿਵੇਸ਼ ਬੰਦ ਕਰ ਦਿੱਤਾ। ਉਹ ਦੇਸ ਮਨੁੱਖੀ ਦੁਰਦਸ਼ਾ ਦੇ ਸਭ ਤੋਂ ਹੇਠਲੇ ਪੱਧਰ 'ਤੇ ਪੁੱਜ ਗਿਆ।

ਕੀ ਆਤਮਕ ਅਤੇ ਸੁਭਾਵਕ ਵਿੱਚ ਕੋਈ ਆਪਸੀ ਸੰਬੰਧ ਸੀ?
ਕਿਸੇ ਵੀ ਇਲਾਕੇ ਤੇ ਕਬਜਾ ਕਰਨ ਲਈ ਵੈਰੀ ਇਹ ਕਦਮ ਚੁੱਕਦਾ ਹੈ:

1. ਇੱਕ ਕਨੂੰਨੀ ਰਾਹ ਨੂੰ ਭਾਲਦਾ ਅਤੇ ਇਸ ਦਾ ਫਾਇਦਾ ਉਠਾਉਂਦਾ ਹੈ।
2. ਕੰਧਾਂ ਬਣਾਉਂਦਾ ਹੈ।

3. "ਫਾਟਕ" ਵਿੱਚ ਬੈਠਦਾ ਹੈ।

**5. ਕਲੀਸਿਯਾ ਵਿਚਲੇ ਗੜ੍ਹ**

ਫਿਰਕੂ ਮਾਨਤਾਵਾਂ:

(ਫਿਰਕਾ – ਇੱਕ ਵੱਡੇ ਸਮੂਹ ਵਿੱਚ ਲੋਕਾਂ ਦਾ ਇੱਕ ਛੋਟਾ ਸਮੂਹ, ਜਿਨ੍ਹਾਂ ਦੇ ਵਿਚਾਰ ਬਾਕੀ ਦੇ ਸਮੂਹ ਨਾਲੋਂ ਵੱਖਰੇ ਹੁੰਦੇ ਹਨ।)

a. ਕਲੀਸਿਯਾਵਾਂ ਵਿੱਚ ਫੁੱਟ
b. ਸਿੱਖਿਆ ਅਤੇ ਮਾਨਤਾਵਾਂ ਵਿੱਚ ਘੁਮੰਡ
c. ਡਿਨੋਮਿਨੇਸ਼ਨਾਂ ਦੀ ਮੂਰਤੀ ਪੂਜਾ ਜਾਂ ਕੋਈ ਖਾਸ ਮਾਨਤਾ ਪ੍ਰਣਾਲੀਆਂ ਜੋ ਉਨ੍ਹਾਂ ਨੂੰ ਬਾਕੀ ਦੇ ਸਮੂਹ ਤੋਂ ਅਲਗ ਕਰਦੀਆਂ ਹਨ।
d. ਨਗਰ ਦੇ ਪ੍ਰਤੀ "ਅਸੀਂ ਅਤੇ ਉਹ" ਵਾਲੀ ਮਾਨਸਿਕਤਾ।

## V. ਸਾਡਾ ਯੁੱਧ

### A. ਪਹਿਲਾਂ - ਜੋਰਾਵਰ ਨੂੰ ਬੰਨ੍ਹੋ

ਮੱਤੀ 12:28-29 ਪਰ ਜੇ ਮੈਂ ਪਰਮੇਸ਼ਰ ਦੇ ਆਤਮਾ ਦੀ ਸਹਾਇਤਾ ਨਾਲ ਭੂਤਾਂ ਨੂੰ ਕੱਢਦਾ ਹਾਂ ਤਾਂ ਪਰਮੇਸ਼ਰ ਦਾ ਰਾਜ ਤੁਹਾਡੇ ਉੱਤੇ ਆ ਪਹੁੰਚਿਆ ਹੈ। ਅਥਵਾ ਕੋਈ ਕਿਸੇ ਜੋਰਾਵਰ ਦੇ ਘਰ ਵਿੱਚ ਵੜ ਕੇ ਉਹ ਦਾ ਮਾਲ ਕਿੱਕੁਰ ਲੁੱਟ ਸੱਕਦਾ ਹੈ ਜੇ **ਪਹਿਲਾਂ** ਉਸ ਜੋਰਾਵਰ ਨੂੰ **ਬੰਨ੍ਹ ਨਾ ਲਵੇ**? **ਤਾਂ** ਉਹ ਦਾ ਘਰ ਲੁੱਟੇਗਾ।

ਪਰਮੇਸ਼ਰ ਦੇ ਰਾਜ ਦਾ ਵਿਸਥਾਰ "ਦੁਸ਼ਟ ਆਤਮਿਆਂ ਨੂੰ ਕੱਢਣ" ਨਾਲ ਜੁੜਿਆ ਹੋਇਆ ਹੈ।

"*ਜੋਰਾਵਰ*" – ਦੁਸ਼ਟ ਆਤਮਾ ਜਾਂ ਆਤਮੇ, "ਪਾਤਸ਼ਾਹ" ਜੋ ਘਰ ਵਿੱਚ ਰਹਿੰਦਾ ਹੈ ਅਤੇ ਨਿਯੰਤ੍ਰਣ ਰੱਖਦਾ ਹੈ।

"*ਜੋਰਾਵਰ ਦਾ ਘਰ*" ਜਾਂ "*ਗੜ੍ਹ*" ਜਾਂ "*ਇਲਾਕਾ*" ਉਹ ਵਿਅਕਤੀ, ਪਰਿਵਾਰ, ਲੋਕਾਂ ਦਾ ਸਮੂਹ, ਕੌਮ ਜਾਂ ਭੂਗੋਲਿਕ ਇਲਾਕਾ ਹੈ ਜਿਸ ਵਿੱਚ ਦੁਸ਼ਟ ਆਤਮੇ ਜਾਂ ਆਤਮਾਵਾਂ ਭਰੀਆਂ ਰਹਿੰਦੀਆਂ ਹਨ ਅਤੇ ਕਬਜ਼ਾ ਕਰਕੇ ਰੱਖਦੀਆਂ ਹਨ।

ਮੱਤੀ 12:29 "ਜੇ ਪਹਿਲਾਂ ਉਸ ਜੋਰਾਵਰ ਨੂੰ ਬੰਨ੍ਹ ਨਾ ਲਵੇ"

ਮੱਤੀ 18:18 ਮੈਂ ਤੁਹਾਨੂੰ ਸਤ ਆਖਦਾ ਹਾਂ ਭਈ ਜੋ ਕੁਝ ਤੁਸੀਂ ਧਰਤੀ ਉੱਤੇ ਬੰਨ੍ਹੋਗੇ ਸੋ ਸੁਰਗ ਵਿੱਚ ਬੰਨ੍ਹਿਆ ਜਾਵੇਗਾ ਅਤੇ ਜੋ ਕੁਝ ਤੁਸੀਂ ਧਰਤੀ ਉੱਤੇ ਖੋਲ੍ਹੋਗੇ ਸੋ ਸੁਰਗ ਵਿੱਚ ਖੋਲ੍ਹਿਆ ਜਾਵੇਗਾ।

ਸਟ੍ਰਾਂਗ ਦੀ ਕੌਨਕੋਰਡੇਂਸ #1210: ਡਿਓ (δηοης) **ਬੰਨ੍ਹਣਾ**

1) ਗੰਢ ਬੰਨ੍ਹਣਾ, ਬੰਨ੍ਹ ਦੇਣਾ
    a) ਬਨ੍ਹਣਾ, ਜ਼ੰਜੀਰਾਂ ਨਾਲ ਬੰਨ੍ਹਣਾ, ਬੇੜੀਆਂ ਵਿੱਚ ਪਾਉਣਾ
    b) ਮਿਸਾਲ ਵਜੋਂ:
        1) ਬੰਨ੍ਹ ਮਾਰਨਾ, ਪਾਬੰਦੀ ਹੇਠ ਪਾਉਣਾ, ਕਨੂੰਨ ਦੀ ਵਰਤੋਂ ਕਰਨਾ
        2) ਵਰਜਣਾ, ਰੋਕਣਾ, ਗੈਰਕਨੂੰਨੀ ਕਰਾਰ ਦੇਣਾ

ਸਟ੍ਰਾਂਗ ਦੀ ਕੌਨਕੋਰਡੇਂਸ #3089: ਲੁਓ (λυσης) **ਖੋਲ੍ਹਣਾ**

1) ਕਿਸੇ ਬੰਨ੍ਹੇ ਹੋਏ ਵਿਅਕਤੀ (ਜਾਂ ਵਸਤੂ) ਨੂੰ ਖੋਲ੍ਹਣਾ
2) ਬੰਨ੍ਹੇ ਹੋਏ ਨੂੰ ਖੋਲ੍ਹਣਾ, ਖੋਲ੍ਹ ਦੇਣਾ, ਬੰਧਨਾਂ ਵਿੱਚੋਂ ਅਜ਼ਾਦ ਕਰਨਾ, ਮੁਕਤ ਕਰਨਾ
    a) ਕੈਦ ਵਿੱਚੋਂ ਰਿਹਾਅ ਕਰਨਾ, ਜਾਣ ਦੇਣਾ
    b) ਸਮਾਪਤ ਕਰ ਦੇਣਾ, ਅਧਿਕਾਰ ਵਿੱਚੋਂ ਹਟਾ ਦੇਣਾ
    c) ਗੈਰਕਨੂੰਨੀ ਘੋਸ਼ਿਤ ਕਰ ਦੇਣਾ

ਕਿਵੇਂ?

**B. ਬੁਰਿਆਈ ਸਾਡੇ ਜੀਵਨ ਵਿੱਚ ਉਦੋਂ ਬੰਨ੍ਹੀ ਜਾਂਦੀ ਹੈ ਜਦੋਂ ਅਸੀਂ - ਯਿਸੂ ਮਸੀਹ ਦੀ ਆਗਿਆਕਾਰੀ ਕਰਦੇ ਹਾਂ।**

ਯਿਸੂ ਨੇ ਹੇਠ ਲਿਖੇ ਕੰਮ ਕਰਣ ਦੁਆਰਾ ਸ਼ਤਾਨ ਨੂੰ ਬੰਨ੍ਹਿਆ:

1. ਵਚਨ ਦੀ ਆਗਿਆਕਾਰੀ ਕੀਤੀ: "**ਲਿਖਿਆ ਹੈ**" ਲੂਕਾ 4:4, 8, 12
2. ਆਪਣੇ ਪਿਤਾ ਦੀ ਆਗਿਆਕਾਰੀ ਕੀਤੀ ਯੂਹੰਨਾ 5:19, 30; 14:30 **ਮੇਰਾ ਕੁਝ ਨਹੀਂ**

ਜਦ **ਅਸੀਂ** ਯਿਸੂ ਮਸੀਹ ਅਤੇ ਉਸ ਦੇ ਵਚਨ ਦੀ **ਆਗਿਆਕਾਰੀ ਕਰਦੇ ਹਾਂ** ਤਾਂ ਜੋਰਾਵਰ **ਸਾਡਿਆਂ ਜੀਵਨਾਂ ਵਿੱਚ ਬੰਨ੍ਹਿਆ ਜਾਂਦਾ ਹੈ** ਅਤੇ ਸ਼ਕਤੀਹੀਣ ਹੋ ਜਾਂਦਾ ਹੈ।

- ਯਹੋਸ਼ੁਆ 5:13-15 "ਯਹੋਵਾਹ ਦੀ ਸੈਨਾ ਦੇ ਸੈਨਾਪਤੀ" ਦੇ ਸਾਹਮਣੇ ਸਮਰਪਣ ਕਰ ਦਿਓ

- ਯਹੋਸ਼ੁਆ 6:2; 7:11-13 ਜੇ ਤੁਹਾਡੀ ਛਾਉਣੀ ਵਿੱਚ ਪਾਪ ਹੋਵੇਗਾ ਤਾਂ ਤੁਸੀਂ ਵੈਰੀ ਦਾ ਮੁਕਾਬਲਾ ਨਹੀਂ ਕਰ ਸਕਦੇ।

- ਮਿਸਰ ਹਨੇਰੇ ਦਾ ਰਾਜ / ਪਾਪ ਅਤੇ ਸ਼ਤਾਨ ਦੇ ਗੁਲਾਮ।
- ਉਜਾੜ ਆਪਣੇ ਅੰਦਰ / ਸਰੀਰ ਵਿੱਚ ਪਾਪ ਨਾਲ ਯੁੱਧ।
- ਪ੍ਰਤਿੱਗਿਆ ਦਾ ਦੇਸ ਹਕੂਮਤਾਂ ਅਤੇ ਇਖਤਿਆਰਾਂ ਨਾਲ ਯੁੱਧ।

ਜਿਹੜਾ ਪਹਿਲਾ ਯੁੱਧ ਮੈਂ ਜਿੱਤਣਾ ਹੈ:

ਉਜਾੜ ਵਿੱਚ ਜਿੱਤ – ਮੇਰੇ ਆਪਣੇ ਸਰੀਰ ਉੱਤੇ ਜਿੱਤ

1 ਕੁਰਿੰਥੀਆਂ 10:6 ਅਤੇ ਏਹ ਗੱਲਾਂ ਸਾਡੇ ਲਈ ਨਸੀਹਤ ਬਣੀਆਂ ਭਈ ਅਸੀਂ **ਮਾੜੀਆਂ ਗੱਲਾਂ ਦੀਆਂ ਕਾਮਨਾਂ ਨਾ ਕਰੀਏ** ਜਿਵੇਂ ਓਹਨਾਂ ਨੇ ਕਾਮਨਾਂ ਕੀਤੀਆਂ ਸਨ।

ਬਿਵਸਥਾ ਸਾਰ 8

ਆਇਤ 1: ਆਗਿਆਕਾਰੀ ਜ਼ਰੂਰੀ ਹੈ:

- ਜੀਵਨ ਲਈ
- ਦੇਸ਼ ’ਤੇ ਕਬਜ਼ਾ ਕਰਨ ਲਈ

ਆਇਤ 2: ਉਜਾੜ ਦਾ ਮਕਸਦ:

- ਸਾਨੂੰ ਹਲੀਮ ਕਰਨਾ। ਸਾਡਾ ਘੁਮੰਡ ਟੁੱਟਣਾ ਜ਼ਰੂਰੀ ਹੈ।
- ਸਾਨੂੰ ਪਰਖਣਾ। ਇਹ ਜਾਣਨਾ ਕਿ ਸਾਡੇ ਹਿਰਦੇ ਵਿੱਚ ਕੀ ਹੈ

ਪ੍ਰਭੂ ਸਭ ਤੋਂ ਪਹਿਲਾਂ ਅਤੇ ਸਭ ਤੋਂ ਜ਼ਿਆਦਾ ਚਰਿੱਤਰ ਅਤੇ ਗੁਣ ਤੇ ਧਿਆਨ ਦਿੰਦਾ ਹੈ। ਰੋਮੀਆਂ 5:3-4

ਉਜਾੜ ਇਹ ਸੀ:

A) **ਮੌਤ ਦੀ ਇੱਕ ਥਾਂ** ਉਸ ਪੂਰੀ ਪੀੜ੍ਹੀ ਲਈ, ਜੋ ਬੁੜਬੁੜਾਉਂਦੀ ਰਹੀ, ਸ਼ਿਕਾਇਤ ਕਰਦੀ ਰਹੀ, ਕੁੜੱਤਣ ਨਾਲ ਭਰੀ ਰਹੀ ਅਤੇ ਜਿਸ ਨੇ ਪ੍ਰਭੂ ਉੱਤੇ ਭਰੋਸਾ ਰੱਖਣਾ ਅਤੇ ਉਸ ਦੀ ਆਗਿਆਕਾਰੀ ਕਰਨਾ ਨਹੀਂ ਸਿੱਖਿਆ। ਉਹ ਹਮੇਸ਼ਾ ਆਪਣੇ ਪੁਰਾਣੇ ਤੌਰ-ਤਰੀਕਿਆਂ ਵੱਲ ਮੁੜ ਜਾਣਾ ਚਾਹੁੰਦੇ ਸਨ। ਗਿਣਤੀ 14:20-24

B) ਇਹ ਉਜਾੜ **ਜੀਵਨ ਦਾ ਇੱਕ ਥਾਂ** ਵੀ ਸੀ ਉਸ ਪੂਰੀ ਪੀੜ੍ਹੀ ਲਈ ਜੋ ਇਸ ਦੇ **ਕਠੋਰ ਹਲਾਤਾਂ** ਵਿੱਚ ਜੰਮੀ ਪਲੀ। ਉਨ੍ਹਾਂ ਨੇ ਕੇਵਲ ਬੰਜਰ ਭੂਮੀ ਅਤੇ ਔਖਿਆਈ ਹੀ ਵੇਖੀ ਸੀ, ਪਰ ਇਸ ਵਿੱਚ ਉਨ੍ਹਾਂ ਨੇ ਪ੍ਰਭੂ ’ਤੇ

**ਭਰੋਸਾ ਰੱਖਣਾ ਅਤੇ ਆਗਿਆਕਾਰੀ ਕਰਨਾ** ਸਿੱਖਿਆ ਅਤੇ ਉਹ **ਬਦਲਾਓ ਲਈ ਤਿਆਰ** ਸਨ। ਉਹ **ਅਗਾਂਹ ਵਧਣ** ਲਈ ਤਿਆਰ ਸਨ। ਉਹ ਪਰਮੇਸ਼ਰ ਦੇ ਵਾਅਦਿਆਂ ਲਈ **ਲੜਨ** ਵਾਸਤੇ ਤਿਆਰ ਸਨ।

ਔਖਿਆਈਆਂ ਦੇ ਪ੍ਰਤੀ **ਤੁਹਾਡਾ ਫੈਸਲਾ - ਤੁਹਾਡਾ ਵਿਹਾਰ** ਹੀ ਇਹ ਤੈਅ ਕਰਦਾ ਹੈ ਕਿ ਇਹ ਤੁਹਾਡੇ ਲਈ **ਜੀਵਨ** ਦਾ ਥਾਂ ਹੋਵੇਗਾ ਜਾਂ **ਮੌਤ** ਦਾ।

ਗਲਾਤੀਆਂ 5:17 ਲੂਕਾ 9:23 ਰੋਮੀਆਂ 6

ਇਸ ਯੁੱਧ ਨੂੰ ਜਿੱਤੋ – ਆਗਿਆਕਾਰੀ ਕਰਨਾ ਸਿੱਖੋ। ਫਿਰ ਮੈਂ ਯਰਦਨ ਨੂੰ ਪਾਰ ਕਰਨ ਅਤੇ ਹਕੂਮਤਾਂ ਅਤੇ ਇਖਤਿਆਰਾਂ ਨਾਲ ਆਤਮਕ ਯੁੱਧ ਅਰੰਭ ਕਰਨ ਅਤੇ ਪਰਮੇਸ਼ਰ ਦੇ ਰਾਜ ਲਈ ਦੇਸ ਨੂੰ ਵਾਪਿਸ ਹਾਸਲ ਕਰਨ ਲਈ ਤਿਆਰ ਹਾਂ।

ਪਰਮੇਸ਼ਰ ਦਾ ਰਾਜ ≈ ਪ੍ਰਭੁਤਾ ≈ ਸ਼ਾਸਨ ਜਾਂ ਹਕੂਮਤ ਦੇ ਅਧੀਨ।

ਆਗਿਆਕਾਰੀ ਤੁਹਾਨੂੰ ਅਧਿਕਾਰ ਹੇਠ ਲਿਆਉਂਦੀ ਹੈ।

**ਜੇਕਰ** ਅਸੀਂ ਉਸ ਦੀ **ਆਗਿਆਕਾਰੀ** ਨਾ ਕਰੀਏ ਤਾਂ ਉਹ ਸਾਨੂੰ ਵੈਰੀ ਦੇ ਫੰਦਿਆਂ ਤੋਂ ਨਹੀਂ ਬਚਾ ਸਕਦਾ। ਮੱਤੀ 7:24-27

ਸਾਡੀ ਆਗਿਆਕਾਰੀ ਸ਼ਤਾਨ ਨੂੰ ਬੰਨ੍ਹ ਦਿੰਦੀ ਹੈ ਅਤੇ ਉਹ ਸਾਨੂੰ ਨਹੀਂ ਛੂਹ ਸਕਦਾ। **1 ਯੂਹੰਨਾ 5:18**

"ਆਪਣੀ ਮੁਕਤੀ ਦਾ ਕੰਮ ਨਿਬਾਹੋ" (ਫ਼ਿਲਿੱਪੀਆਂ 2:12) ਦਾ ਇਹੋ ਅਰਥ ਹੈ।

**ਲੂਕਾ 6:46-49** ਤੁਸੀਂ ਮੈਨੂੰ ਪ੍ਰਭੂ, ਪ੍ਰਭੂ ਕਰਕੇ ਕਿਉਂ ਪੁਕਾਰਦੇ ਹੋ ਪਰ ਜੋ ਮੈਂ ਕਹਿੰਦਾ ਹਾਂ ਸੋ ਨਹੀਂ ਕਰਦੇ?

ਯਿਸੂ ਦਾ ਸੁਨੇਹਾ: **"ਪਰਮੇਸ਼ਰ ਦਾ ਰਾਜ ਨੇੜੇ ਆ ਗਿਆ ਹੈ। ਤੋਬਾ ਕਰੋ..."** (ਮਰਕੁਸ 1:14-15)
ਆਗਿਆਕਾਰੀ ਦੀ ਮੰਗ ਕਰਦਾ ਹੈ।

ਤੋਬਾ ਕਰਨ ਦਾ ਅਰਥ ਹੈ: (a) ਆਪਣੇ ਆਪ ਨੂੰ ਦੀਨ ਕਰਨਾ (b) ਵਾਪਸ ਮੁੜਨਾ – ਆਪਣੇ ਜੀਵਨ ਦੀ ਦਿਸ਼ਾ ਨੂੰ ਬਦਲਨਾ। 1 ਥੱਸਲੁਨੀਕੀਆਂ 1:9

ਤੋਬਾ ਕਰਨਾ ਆਗਿਆਕਾਰੀ ਕਰਨ ਦਾ ਫੈਸਲਾ ਲੈਣਾ ਹੈ। ਮਨੁੱਖ ਦੀ ਇੱਛਾ ਵੱਲੋਂ ਦਿੱਤਾ ਜਾਣ ਵਾਲਾ ਪ੍ਰਤੀਉੱਤਰ।

**"ਤੇਰਾ ਰਾਜ ਆਵੇ!"** ਕਿਵੇਂ? **"ਤੇਰੀ ਮਰਜ਼ੀ . . . ਪੂਰੀ . . . ਹੋਵੇ!"**

ਪਰਮੇਸ਼ਰ ਦਾ ਰਾਜ ਇੱਕ ਮੰਗ ਕਰਦਾ ਹੈ: ਤੋਬਾ ਕਰੋ! ਮੁੜੋ! ਸਮਰਪਣ ਕਰੋ!

ਮੀਕਾਹ 6:8; ਯਾਕੂਬ 4:6-10; 1 ਪਤਰਸ 5:5-9;
(2 ਇਤਹਾਸ 32:24-26; 33:10-13)

ਸਾਨੂੰ **ਪਹਿਲਾਂ ਉਹ ਦੇ ਰਾਜ . . . ਨੂੰ ਭਾਲਣਾ** ਹੈ। ਕਿਵੇਂ? ਰਾਜੇ ਦੀ ਆਗਿਆਕਾਰੀ ਕਰਕੇ।

ਅਸੀਂ ਦੋ ਗੱਲਾਂ ਸਿੱਖਦੇ ਹਾਂ: 1."ਪਰਮੇਸ਼ਰ ਦੇ ਅਧੀਨ ਹੋਵੋ" ਅਤੇ 2. "ਸ਼ਤਾਨ ਦਾ ਸਾਹਮਣਾ ਕਰੋ।"
ਯਾਕੂਬ 4:6-8; 1 ਪਤਰਸ 5:5-9

ਸ਼ਾਊਲ ਦੀ ਅਣਆਗਿਆਕਾਰੀ: 1 ਸਮੂਏਲ 15:1-3, 9-23

- ਇਕਰਾਰ ਪਰ ਤੋਬਾ ਨਹੀਂ: ਆਇਤਾਂ 24, 30
- ਅਗਵਾਈ ਦੀ ਪਦਵੀ ਤੋਂ ਹਟਾ ਦਿੱਤਾ ਗਿਆ: ਆਇਤ 26-29
- ਪ੍ਰਭੂ ਦਾ ਆਤਮਾ ਛੱਡ ਕੇ ਚਲਿਆ ਜਾਂਦਾ ਹੈ: 16:14; 18:10-11
- ਅਣਆਗਿਆਕਾਰੀ ਕਰਨ ਕਰਕੇ ਇੱਕ ਦੁਸ਼ਟ ਆਤਮਾ ਉਸ ਨੂੰ ਸਤਾਉਂਦਾ ਹੈ:
  ਰੋਮੀਆਂ 6:16; ਰਸੂਲਾਂ 5:32; ਅਫ਼ਸੀਆਂ 4:27

ਸ਼ਤਾਨ ਦੇ ਵਿਰੁੱਧ ਪਰਮੇਸ਼ਰ ਦਾ ਯੁੱਧ ਉਸ ਦੇ ਸਮਰਪਿਤ ਲੋਕਾਂ ਦੁਆਰਾ ਜਾਰੀ ਰੱਖਿਆ ਜਾਂਦਾ ਹੈ ਜੋ ਸਰਗਰਮੀ ਨਾਲ ਹਰ ਕੀਮਤ 'ਤੇ ਡਟੇ ਰਹਿ ਕੇ ਸ਼ਤਾਨ ਦਾ ਸਾਹਮਣਾ ਕਰਦੇ ਹਨ:

**"ਤੇਰੀ ਮਰਜ਼ੀ ਜਿਹੀ ਸੁਰਗ ਵਿੱਚ ਪੂਰੀ ਹੁੰਦੀ ਹੈ ਜਮੀਨ ਉੱਤੇ ਵੀ ਹੋਵੇ।"**
ਜ਼ਬੂਰ 34:12-17

ਆਗਿਆਕਾਰੀ ਮੰਗ ਕਰਦੀ ਹੈ ਕਿ ਅਸੀਂ:

C. **ਪਰਮੇਸ਼ਰ ਦੇ ਸਾਰੇ ਸ਼ਸਤਰ ਬਸਤਰ ਧਾਰੋ** ਅਫ਼ਸੀਆਂ 6:11-17

ਇਸ ਇਲਾਕੇ (ਆਪਣੇ ਸਰੀਰ) ਨੂੰ ਹਮਲੇ ਤੋਂ ਬਚਾਈਏ – ਪ੍ਰਭੂ ਦੇ ਲਈ ਇੱਕ ਗੜ੍ਹ ਤਿਆਰ ਕਰੀਏ।

1. ਆਪਣੀ ਕਮਰ **ਸਚਿਆਈ** ਨਾਲ ਕੱਸ ਕੇ: ਯੂਹੰਨਾ 8:31-32; 14:6; ਜ਼ਬੂਰ 119:160

- ਉਹ ਜੋ ਕੁਝ ਹੈ: ਖੁਦਮੁਖਤਿਆਰ – ਇਖਤਿਆਰ – ਬੁੱਧੀ – ਪ੍ਰੇਮ – ਕਿਰਪਾ
- ਉਸ ਨੇ ਜੋ ਕੀਤਾ ਹੈ ਅਤੇ ਕਰੇਗਾ।
- ਹਮੇਸ਼ਾ ਸੱਚ ਬੋਲੋ। ਝੂਠ ਹਾਰ ਦੇ ਲਈ ਬੂਹਾ ਖੋਲ੍ਹ ਦਿੰਦਾ ਹੈ।

ਜ਼ਬੂਰ 15:1-2; ਅਫ਼ਸੀਆਂ 4:15, 24-27; ਕੁਲੁੱਸੀਆਂ 3:9
ਯੂਹੰਨਾ 8:44 "ਪਿਉ ..."; ਰਸੂਲਾਂ 5:1-5 ਹਨਾਨਿਯਾ ਅਤੇ ਸਫ਼ੀਰਾ

2. **ਧਰਮ** ਦੀ ਸੰਜੋ: ਹਿਰਦੇ ਦੀ ਰੱਖਿਆ ਕਰਦੀ ਹੈ।

ਕਹਾਉਤਾਂ 4:23 ਮੱਤੀ 15:18-19 1 ਸਮੂਏਲ 16:7
ਪਹਿਲਾਂ: ਉਸ ਦੀ ਧਾਰਮਿਕਤਾ ਵਿੱਚ ਪੂਰਣ ਵਿਸ਼ਵਾਸ।
ਫ਼ਿਲਿੱਪੀਆਂ 3:9 2 ਕੁਰਿੰਥੀਆਂ 5:21 1 ਥੱਸਲੁਨੀਕੀਆਂ 5:8

ਫਿਰ: "ਤੁਸੀਂ ਪਵਿੱਤਰ ਬਣੋ", ਪਵਿੱਤਰ ਜੀਵਨ 1 ਪਤਰਸ 1:13-16

ਅਫ਼ਸੀਆਂ 4:24; 1 ਤਿਮੋਥਿਉਸ 6:11; 1 ਯੂਹੰਨਾ 2:29; 3:3,7,10
ਯਹੋਸ਼ੁਆ 5:13-15 "ਆਪਣੇ ਪੈਰੋਂ ਜੁੱਤੀ ਲਾਹ..."
ਜੇਤੂ ਜੀਵਨ ਦਾ ਅਰੰਭ ਪਵਿੱਤਰ ਜੀਵਨ ਤੋਂ ਹੁੰਦਾ ਹੈ।

ਰੋਮੀਆਂ 12:21 ਬੁਰਿਆਈ ਤੋਂ ਨਾ ਹਾਰ ਸਗੋਂ **ਭਲਿਆਈ ਨਾਲ ਬੁਰਿਆਈ ਨੂੰ ਜਿੱਤ ਲੈ।**

- ਬੁਰਿਆਈ ਨੂੰ ਭਲਿਆਈ ਨਾਲ ਜਾਂ ਭਲੇ ਕੰਮਾਂ ਨਾਲ ਜਿੱਤਿਆ ਜਾਂਦਾ ਹੈ।
- ਪ੍ਰੇਮ ਭਰੇ ਹਿਰਦੇ ਤੋਂ ਨਿਕਲਣ ਵਾਲੇ ਭਲੇ ਕੰਮ।

1 ਕੁਰਿੰਥੀਆਂ 13:13 ਹੁਣ ਤਾਂ **ਨਿਹਚਾ, ਆਸ਼ਾ, ਪ੍ਰੇਮ,** ਇਹ ਤਿੰਨੇ ਰਹਿੰਦੇ ਹਨ **ਪਰ ਏਹਨਾਂ ਵਿੱਚੋਂ ਉੱਤਮ ਪ੍ਰੇਮ ਹੀ ਹੈ।**

ਅਤੇ, **ਪ੍ਰੇਮ ਕਦੇ ਟਲਦਾ ਨਹੀਂ** 1 ਕੁਰਿੰਥੀਆਂ 13:8

- ਵਿਸ਼ਵਾਸ ਜਿੰਨਾ ਮਹਾਨ ਹੈ (ਪਰਬਤਾਂ ਨੂੰ ਹਟਾ ਦਿੰਦਾ ਹੈ) . . . ਪ੍ਰੇਮ ਉਸ ਤੋਂ ਵੀ ਮਹਾਨ ਹੈ!

1 ਥੱਸਲੁਨੀਕੀਆਂ 3:12-13 ਅਤੇ ਪ੍ਰਭੂ ਤੁਹਾਡੇ ਇੱਕ ਦੂਏ ਨਾਲ ਅਤੇ ਸਭਨਾਂ ਮਨੁੱਖਾਂ ਨਾਲ ਪ੍ਰੇਮ ਕਰਨ ਨੂੰ ਵਧਾਵੇ ਅਤੇ ਬਹੁਤਾ ਕਰੇ, ਜਿਵੇਂ ਅਸੀਂ ਵੀ ਤੁਹਾਡੇ ਨਾਲ। (13) ਤਾਂ ਜੋ ਤੁਹਾਡਿਆਂ ਮਨਾਂ ਨੂੰ ਤਕੜਿਆਂ ਕਰੇ ਭਈ...ਪਵਿੱਤਰਤਾਈ ਵਿੱਚ ਨਿਰਦੋਸ਼ ਹੋਣ।

ਪ੍ਰੇਮ ਤੁਹਾਡੇ ਲਈ ਇੱਕ ਸ਼ਸਤਰ ਅਤੇ ਸੁਰੱਖਿਆ ਹੈ ਕਿਉਂਕਿ:

- ਪ੍ਰੇਮ ਦੂਜਿਆਂ ਦੇ ਦਿਲਾਂ ਨੂੰ ਜਿੱਤ ਲੈਂਦਾ ਹੈ
- ਪ੍ਰੇਮ ਜਾਂ ਭਲਿਆਈ ਬੁਰਿਆਈ 'ਤੇ ਜੇਤੂ ਹੁੰਦੀ ਹੈ
- ਪ੍ਰੇਮ ਤੁਹਾਨੂੰ ਪਵਿੱਤਰਤਾ ਦਾ ਇੱਕ ਨਿਰਦੋਸ਼ ਹਿਰਦਾ ਦਿੰਦਾ ਹੈ ਅਤੇ ਬੁਰਿਆਈ ਤੁਹਾਨੂੰ ਛੂਹ ਨਹੀਂ ਸਕੇਗੀ।

"ਉਸ ਨੇ ਸਾਨੂੰ ਹਨੇਰੇ ਦੇ ਇਖਤਿਆਰ ਤੋਂ ਮੁਕਤ ਕਰਵਾ ਲਿਆ ਹੈ।"

ਕੁਲੁੱਸੀਆਂ 1:13 ਸਾਨੂੰ ਅੰਧਕਾਰ ਦੇ ਵੱਸ (ਸ਼ਾਬਦਿਕ: ਇਖਤਿਆਰ ਜਾਂ ਅਧਿਕਾਰ) ਵਿੱਚੋਂ ਛੁਡਾ ਕੇ ਆਪਣੇ ਪਿਆਰੇ ਪੁੱਤਰ ਦੇ ਰਾਜ ਵਿੱਚ ਪੁਚਾ ਦਿੱਤਾ।

ਕਿਸੇ ਵੀ ਤਰ੍ਹਾਂ ਦੇ ਹਨੇਰੇ ਨੂੰ ਸਹਿਣ ਨਾਲ (ਇਸ ਸੰਸਾਰ ਦੇ ਰਾਜ ਵਿੱਚ ਵਾਪਿਸ ਜਾਣ ਲਈ ਕਦਮ ਚੁੱਕਣ ਨਾਲ) ਸ਼ਤਾਨ ਨੂੰ ਸਾਡੇ ਉੱਤੇ ਹਮਲਾ ਕਰਨ ਅਤੇ ਚੋਰੀ ਕਰਨ ਦਾ ਕਨੂੰਨੀ ਅਧਿਕਾਰ ਮਿਲ ਜਾਂਦਾ ਹੈ (ਅਫ਼ਸੀਆਂ 4:27)।

ਲੂਕਾ 11:35-36 ਇਸ ਲਈ ਵੇਖ ਕਿ ਉਹ ਚਾਨਣ ਜੋ ਤੇਰੇ ਵਿੱਚ ਹੈ ਕਿਤੇ ਅਨ੍ਹੇਰਾ ਨਾ ਹੋਵੇ।

ਸ਼ਤਾਨ ਹਨੇਰੇ ਦੇ ਕਿਸੇ ਵੀ ਇਲਾਕੇ ਵਿੱਚ ਤੁਰ ਸਕਦਾ ਹੈ। ਜਿੱਥੇ ਕਿਤੇ ਪਰਮੇਸ਼ਰ ਦੇ ਵਚਨ ਦੀ ਅਵੱਗਿਆ ਹੁੰਦੀ ਹੈ, ਉੱਥੇ ਆਤਮਕ ਹਨੇਰਾ ਛਾ ਜਾਂਦਾ ਹੈ ਅਤੇ ਸ਼ਤਾਨੀ ਕੰਮਾਂ ਲਈ ਰਾਹ ਖੁਲ੍ਹ ਜਾਂਦਾ ਹੈ।

ਜਿਸ ਵਿਅਕਤੀ ਦਾ ਹਿਰਦਾ ਸ਼ੁੱਧ ਹੈ ਅਤੇ ਜੋ ਬੁਰਿਆਈ ਨੂੰ ਨਫਰਤ ਕਰਦਾ ਹੈ, **ਕੇਵਲ** ਉਹੀ ਵੈਰੀ ਦੇ ਇਲਾਕੇ ਵਿੱਚ ਖੁਲ੍ਹੇ ਤੌਰ 'ਤੇ ਅਤੇ ਬਿਨਾਂ ਕਿਸੇ ਨੁਕਸਾਨ ਦੇ ਤੁਰ-ਫਿਰ ਸਕਦਾ ਹੈ।

ਜ਼ਬੂਰ 97:10 ਕਹਾਉਤਾਂ 8:13

ਉਦਾਹਰਨ: ਪਤਰਸ – ਉਸ ਨੇ ਤਿੰਨ ਵਾਰੀ ਯਿਸੂ ਦਾ ਇਨਕਾਰ ਕੀਤਾ। ਇਹ ਡਰ ਦੇ ਕਾਰਨ ਨਹੀਂ ਹੋਇਆ, ਉਸ ਨੇ ਹੁਣੇ-ਹੁਣੇ ਇੱਕ ਸਿਪਾਹੀ ਦਾ ਕੰਨ ਵੱਢਿਆ ਸੀ।

ਲੂਕਾ 22:24, 31-32 ਘੁਮੰਡ ਨੇ ਸ਼ਤਾਨ ਨੂੰ ਇੱਕ ਖੁਲ੍ਹਾ ਬੂਹਾ ਦੇ ਦਿੱਤਾ।

ਯਾਕੂਬ 4:6-7

ਨਤੀਜਾ: ਸ਼ਰਮਿੰਦਗੀ ਰਸੂਲਾਂ 3:12 ਪਤਰਸ ਨੇ ਆਖਿਆ ਇਹ ਉਹ ਨਹੀਂ ਹੈ।

ਕਿਉਂਕਿ ਯਿਸੂ ਸਾਡੇ ਲਈ ਮਧਿਅਸਥੀ ਕਰਦਾ ਹੈ, ਕਿ ਸਾਡੀ "ਨਿਹਚਾ ਜਾਂਦੀ ਨਾ ਰਹੇ" (ਆਇਤ 32) ਤਾਂ ਹੋ ਸਕਦਾ ਹੈ ਕਿ ਮੇਰੇ ਵਿਚਾਰ ਅਤੇ ਕੰਮ ਕੁਝ ਚਿਰ ਲਈ ਅਸਫਲ ਹੋ ਜਾਣ...**ਪਰ ਮੇਰੀ ਨਿਹਚਾ ਜਾਂਦੀ ਨਾ ਰਹੇਗੀ**! ਮੇਰਾ ਹਿਰਦਾ ਉਸ ਦੀ ਮਧਿਅਸਥੀ ਸਦਕਾ ਸੁਰੱਖਿਅਤ ਹੈ।

ਯੂਹੰਨਾ 17:12; 18:9 ਇਬਰਾਨੀਆਂ 7:25

ਇਸ ਤੋਂ ਪਹਿਲਾਂ ਕਿ ਅਸੀਂ ਯੁੱਧ ਲੜੀਏ, ਸਾਨੂੰ ਇਹ ਸਿਆਣਨਾ ਹੈ ਕਿ – ਜਿਨ੍ਹਾਂ ਖੇਤਰਾਂ ਨੂੰ ਅਸੀਂ ਹਨੇਰੇ ਵਿੱਚ ਲੁਕਾ ਲੈਂਦੇ ਹਾਂ, ਉਹ ਭਵਿੱਖ ਵਿੱਚ ਸਾਡੇ ਹਾਰ ਦੇ ਖੇਤਰ ਹਨ।

1 ਪਤਰਸ 5:5-9

ਜਿੱਤ ਲਈ ਉਸ ਦੀ ਹਜ਼ੂਰੀ ਲਾਜ਼ਮੀ ਹੈ। ਕੂਚ 33:14; ਜ਼ਬੂਰ 15; 24:3-6 ਬਿਵਸਥਾ ਸਾਰ 23:14

ਜਿੱਤ ਦਾ ਅਰੰਭ ਸਾਡੇ ਹਿਰਦੇ ਵਿੱਚ ਯਿਸੂ ਦੇ ਚਰਿੱਤਰ ਤੋਂ ਹੁੰਦਾ ਹੈ। (ਆਤਮਾ ਦਾ ਫਲ)

ਪੌਲੁਸ ਤਿਮੋਥਿਉਸ ਨੂੰ, ਇੱਕ ਸਿਪਾਹੀ: 1 ਤਿਮੋਥਿਉਸ 1:5, 19; 3:9; 4:1-2
2 ਤਿਮੋਥਿਉਸ 1:3; 1 ਪਤਰਸ 3:16, 18, 21

ਸ਼ਤਾਨ ਇੱਕ ਸਾਫ ਅੰਤਹਕਰਨ ਉੱਤੇ ਨਾ ਤਾਂ ਦੋਸ਼ ਲਗਾ ਸਕਦਾ ਹੈ ਅਤੇ ਨਾ ਹੀ ਉਸ ਵਿੱਚ ਦੋਸ਼ਭਾਵਨਾ ਲਿਆ ਸਕਦਾ ਹੈ।

3. ਮਿਲਾਪ ਦੀ **ਖੁਸ਼ ਖ਼ਬਰੀ** ਦੀ ਤਿਆਰੀ ਦੀ ਜੁੱਤੀ

ਪ੍ਰਚਾਰ ਕਰਨ ਲਈ ਕਿਸੇ ਵੀ ਸਮੇਂ, ਕਿਤੇ ਵੀ ਜਾਣ ਲਈ ਤਿਆਰ। ਯਾਤਰਾ

ਮਰਕੁਸ 16:15 ਤੁਸੀਂ ਸਾਰੇ ਜਗਤ ਵਿੱਚ ਜਾ ਕੇ ਸਰਬੱਤ ਸਰਿਸ਼ਟ ਦੇ ਸਾਹਮਣੇ ਖੁਸ਼ ਖਬਰੀ ਦਾ ਪਰਚਾਰ ਕਰੋ।

4. ਨਿਹਚਾ ਦੀ ਢਾਲ

ਰੱਖਿਆ: ਕਹਾਉਤਾਂ 30:5; 2:7; ਜ਼ਬੂਰ 3:3; 28:7; ਰੋਮੀਆਂ 10:17

ਸ਼ਤਾਨ ਦੇ ਝੂਠ ਅਤੇ ਵਿਗਾੜ ਦੇ ਹਮਲੇ ਵੇਲੇ ਪਰਮੇਸ਼ਰ ਦੀ ਪ੍ਰਤਿੱਗਿਆ ਦੀ ਮੰਗ ਕਰਦਿਆਂ ਪਰਮੇਸ਼ਰ ’ਤੇ ਭਰੋਸਾ ਰੱਖਣਾ।

ਹਮਲਾ: ਇਸ ਨੂੰ ਅਗਾਂਹ ਵਧਣ ਲਈ – ਅੱਗੇ ਜਾਣ ਲਈ ਇਸਤੇਮਾਲ ਕਰੋ।

ਇਬਰਾਨੀਆਂ 11:1, 33-34; ਜ਼ਬੂਰ 37:3,5 1 ਯੂਹੰਨਾ 5:4-5

5. **ਮੁਕਤੀ** ਦਾ ਟੋਪ

ਸਾਡੇ ਮਨ (ਯੁੱਧ ਦੇ ਮੈਦਾਨ) ਦੀ ਰੱਖਿਆ ਕਰਦਾ ਹੈ।

**2 ਕੁਰਿੰਥੀਆਂ 4:4** ਜਿਨ੍ਹਾਂ ਵਿੱਚ ਇਸ ਜੁੱਗ ਦੇ ਈਸ਼ੁਰ ਨੇ ਬੇਪਰਤੀਤਿਆਂ ਦੀਆਂ ਬੁੱਧਾਂ ਅੰਨ੍ਹੀਆਂ ਕਰ ਦਿੱਤੀਆਂ ਮਤੇ ਮਸੀਹ ਜੋ ਪਰਮੇਸ਼ਰ ਦਾ ਸਰੂਪ ਹੈ ਉਹ ਦੇ ਤੇਜ ਦੀ ਖੁਸ਼ ਖਬਰੀ ਦਾ ਚਾਨਣ ਉਨ੍ਹਾਂ ਉੱਤੇ ਪਰਕਾਸ਼ ਹੋਵੇ।

**2 ਕੁਰਿੰਥੀਆਂ 10:4-5** ਇਸ ਲਈ ਜੋ ਸਾਡੇ ਜੁੱਧ ਦੇ ਸ਼ਸਤਰ ਸਰੀਰਕ ਨਹੀਂ ਸਗੋਂ ਪਰਮੇਸ਼ਰ ਦੇ ਭਾਣੇ ਕਿਲ੍ਹਿਆਂ ਦੇ ਢਾਹ ਦੇਣ ਲਈ ਡਾਢੇ ਤਕੜੇ ਹਨ। (5) ਸੋ ਅਸੀਂ ਵਹਿਮਾਂ ਨੂੰ ਅਤੇ ਹਰ ਇੱਕ ਉੱਚੀ ਗੱਲ ਨੂੰ

ਜਿਹੜੀ ਪਰਮੇਸ਼ਰ ਦੇ ਗਿਆਨ ਦੇ ਵਿਰੁੱਧ ਸਿਰ ਚੁੱਕਦੀ ਹੈ ਢਾਹ ਦਿੰਦੇ ਹਾਂ ਅਤੇ ਹਰ ਇੱਕ ਖਿਆਲ ਨੂੰ ਬੰਧਨ ਵਿੱਚ ਲਿਆਉਂਦੇ ਹਾਂ ਭਈ ਉਹ ਮਸੀਹ ਦਾ ਆਗਿਆਕਾਰ ਹੋਵੇ।

ਹਰ ਪਾਸਿਓਂ ਸੁਰੱਖਿਅਤ ਸਿਵਾਏ...ਪਿੱਛੋਂ।

1. ਕਦੇ ਪਿੱਠ ਨਾ ਦਿਖਾਓ, ਯੁੱਧ ਕਦੇ ਨਾ ਛੱਡੋ, ਕਦੇ ਹਾਰ ਨਾ ਮੰਨੋ।
2. ਰੋਮੀ ਪਿਆਦੇ ਨੇੜੇ-ਨੇੜੇ ਪੰਗਤਾਂ ਵਿੱਚ, ਇੱਕ ਦੂਜੇ ਦੇ ਨਾਲ-ਨਾਲ, ਢਾਲਾਂ ਵਿੱਚ ਢਾਲਾਂ ਫਸਾ ਕੇ ਲੜਦੇ ਸਨ। ਦੇਹੀ ਵਿੱਚ, ਉਸ ਦੀ ਫੌਜ ਵਿੱਚ ਆਪਣੀ ਥਾਂ ਭਾਲੋ। ਇਕੱਠੇ ਖੜ੍ਹੇ ਹੋਵੋ।

D. **ਯੁੱਧ ਦੇ ਲਈ ਸਾਡੇ ਰੱਬੀ ਸ਼ਸਤਰ-ਬਸਤਰ** 2 ਕੁਰਿੰਥੀਆਂ 10:3-5 ਇਸ ਲਈ ਜੋ ਸਾਡੇ ਜੁੱਧ ਦੇ ਸ਼ਸਤਰ... ਕਿਲ੍ਹਿਆਂ ਦੇ ਢਾਹ ਦੇਣ ਲਈ ਡਾਢੇ ਤਕੜੇ ਹਨ।

**1. ਪ੍ਰਾਰਥਨਾ** ਉਹ ਕੁੰਜੀ ਹੈ ਜਿਹੜੀ ਬੂਹਿਆਂ/ਫਾਟਕਾਂ ਨੂੰ ਖੋਲ੍ਹਦੀ ਅਤੇ ਬੰਦ ਕਰਦੀ ਹੈ।

**ਪ੍ਰਾਰਥਨਾ** ਰਾਹੀਂ ਅਸੀਂ ਫਾਟਕਾਂ – ਭਾਵੇਂ ਖੁਲ੍ਹੇ ਜਾਂ ਬੰਦ – ਉੱਤੇ ਨਿਯੰਤ੍ਰਣ ਕਰਦੇ ਹਾਂ।

ਸਾਨੂੰ ਕੁੰਜੀਆਂ / ਅਧਿਕਾਰ ਦੇ ਕੇ – ਉਸ ਨੇ ਆਪਣੇ ਕੁਝ ਕੰਮਾਂ ਨੂੰ ਆਪਣੇ ਲੋਕਾਂ ਦੀਆਂ ਪ੍ਰਾਰਥਨਾਵਾਂ ਦੇ ਸਪੁਰਦ ਕਰ ਦਿੱਤਾ ਹੈ।

ਜਦ ਤੱਕ ਉਹ ਪ੍ਰਾਰਥਨਾ ਨਹੀਂ ਕਰਨਗੇ, ਉਹ ਕੰਮ ਨਹੀਂ ਕਰੇਗਾ। ਕਿਉਂ?

1 ਕੁਰਿੰਥੀਆਂ 3:9 ਕਿਉਂ ਜੋ ਅਸੀਂ ਕੰਮ ਕਰਨ ਵਿੱਚ ਪਰਮੇਸ਼ਰ ਦੇ ਸਾਂਝੀ ਹਾਂ।

ਪਰਮੇਸ਼ਰ ਨੇ ਅਰੰਭ ਵਿੱਚ ਧਰਤੀ ਦਾ ਇਖਤਿਆਰ ਮਨੁੱਖ ਨੂੰ ਦਿੱਤਾ ਸੀ। ਇਹ ਅਜੇ ਤੱਕ ਵਾਪਿਸ ਨਹੀਂ ਮਿਲਿਆ ਹੈ।

ਉਤਪਤ 1:28 ਜ਼ਬੂਰ 115:16 8:4-8 ਇਬਰਾਨੀਆਂ 2:5-8

ਸਵਰਗ ਇੱਛਾ ਜਤਾਉਂਦਾ ਹੈ ਅਤੇ ਫਿਰ ਉਡੀਕ ਕਰਦਾ ਹੈ: ਇਬਰਾਨੀਆਂ 10:13

ਉਡੀਕ ਕਰਦਾ ਹੈ. . . . . . . . . . . . . . . . . . . . . ਕਿ ਮਨੁੱਖ:

ਐਨਾ ਗੁੱਸੇ ਹੋ ਜਾਵੇ

ਐਨਾ ਰੋਗੀ ਹੋ ਜਾਵੇ

ਐਨਾ ਥੱਕ ਜਾਵੇ

ਐਨਾ ਅੱਕ ਜਾਵੇ ਕਿ ਪ੍ਰਾਰਥਨਾ ਕਰੇ!

ਪਰਮੇਸ਼ਰ ਦੇ ਨਾਲ ਸਹਿਮਤ ਹੋ ਜਾਵੇ ⇒ ਬਸ ਬਹੁਤ ਹੋ ਗਿਆ

ਦੂਜਿਆਂ ਦੇ ਲਈ ਖਾਲੀ ਥਾਂ ਵਿੱਚ ਖੜ੍ਹਾ ਹੋ ਜਾਵੇ

ਪ੍ਰਭੂ ਨੂੰ ਬਹੁਤ ਘੱਟ ਲੋਕ ਮਿਲਦੇ ਹਨ ਜਿਹੜੇ ਪ੍ਰਾਰਥਨਾ ਕਰਨ ਦੀ ਪਰਵਾਹ ਕਰਦੇ ਹਨ

ਯਸਾਯਾਹ 59:16; 63:5; ਹਿਜ਼ਕੀਏਲ 22:30

ਪ੍ਰਾਰਥਨਾ ਵਿੱਚ ਪਰਮੇਸ਼ਰ ਨੂੰ ਪੁਕਾਰੋ:

**a)** ਤੇਰਾ ਰਾਜ ਆਵੇ, ਤੇਰੀ ਮਰਜੀ ਪੂਰੀ ਹੋਵੇ।

ਆਪਣੇ ਹਾਲਾਤ ਵਿੱਚ ਉਸ ਨੂੰ ਬੁਲਾ ਲਵੋ। ਪਰਕਾਸ਼ 3:20

ਇਹ ਇੱਕ ਦਲੀਲ ਹੈ: ਕਿ ਹਨੇਰੇ ਦੇ ਰਾਜ ਦੀ ਥਾਂ ਉਸ ਦਾ ਰਾਜ ਆ ਜਾਵੇ।

ਇਸ ਦਾ ਅਰਥ ਹੈ: ਪ੍ਰਾਰਥਨਾ ਕਰੋ:

- ਲੋਕਾਂ ਦੇ ਲਈ ਉਸ ਦੀ ਇੱਛਾ ਦੀ ਪੂਰਤੀ ਲਈ
  - ਅਫ਼ਸੀਆਂ 6:18
  - ਯਾਕੂਬ 5:14-18
- ਸਾਡਿਆਂ ਨਗਰਾਂ ਅਤੇ ਰਾਸ਼ਟਰਾਂ ਦੇ ਸੰਬੰਧ ਵਿੱਚ ਉਸ ਦੀ ਇੱਛਾ ਦੀ ਪੂਰਤੀ ਲਈ
  - ਤਿਮੋਥਿਉਸ 2:1-8
  - ਉਤਪਤ 18:26; ਮੱਤੀ 5:13 ਜਿਵੇ ਕਿ ਲੂਤ "ਬਾਹਰ ਕੱਢਿਆ ਗਿਆ"
  - ਉਤਪਤ 19:8, 14, 16 ਪ੍ਰਾਰਥਨਾ ਨਹੀਂ, ਗਵਾਹੀ ਨਹੀਂ, ਪ੍ਰਭੂ ਵਿੱਚ ਨਵੇਂ ਲੋਕ ਨਹੀਂ।
  - ਯਿਰਮਿਯਾਹ 29:7
  - 2 ਇਤਹਾਸ 7:14; ਜ਼ਬੂਰ 2:8; 111:6

ਪਤਾ ਕਰੋ ਕਿ ਹਰੇਕ ਹਾਲਾਤ ਵਿੱਚ ਉਸ ਦੀ ਇੱਛਾ ਕੀ ਹੈ।

ਇਸ ਦੀ ਪੂਰਤੀ ਲਈ ਪ੍ਰਾਰਥਨਾ ਕਰੋ।

ਯਸਾਯਾਹ 9:7 “....ਉਹ ਦੇ ਰਾਜ ਦੀ ਤਰੱਕੀ, ਅਤੇ ਸਲਾਮਤੀ ਦੀ ਕੋਈ ਹੱਦ ਨਾ ਹੋਵੇਗੀ”

**b)** ਪ੍ਰਾਰਥਨਾ ਵਿੱਚ ਪਰਮੇਸ਼ਰ ਨੂੰ ਪੁਕਾਰੋ **-** ਪ੍ਰਭੂ ਆਪਣੇ ਲੋਕਾਂ ਨੂੰ ਬਖਸ਼ ਦੇ। ਯੋਏਲ 2:17; ਕੂਚ 2:23-25; 3:7-9; ਜ਼ਬੂਰ 107:6,13,19,28; 50:15; 72:12 ਅਤੇ ਕਹਾਉਤਾਂ 21:13

**c)** ਪ੍ਰਭੂ ਨੂੰ ਪੁਕਾਰੋ ਕਿ ਉਸ ਦਾ ਹੱਥ ਚੱਲੇ।

- ਕੂਚ 15:3, 6, 12
- ਯਸਾਯਾਹ 50:2; 51:9; 52:10

**d)** ਮਧਿਅਸਥੀ ਵਿੱਚ ਪ੍ਰਭੂ ਨੂੰ ਪੁਕਾਰੋ। ਇਬਰਾਨੀਆਂ 4:14-16

ਦਾਨੀਏਲ ਦਾ ਉਦਾਹਰਨ:

ਦਾਨੀਏਲ 9:3 *ਮੈਂ ਆਪਣਾ ਮੂੰਹ ਪ੍ਰਭੂ ਪਰਮੇਸ਼ਰ ਵੱਲ ਕੀਤਾ ਅਤੇ ਬੇਨਤੀਆਂ ਤਰਲੇ ਕਰ ਕੇ ਅਰ ਵਰਤ ਰੱਖ ਕੇ ਤੱਪੜ ਅਰ ਸੁਆਹ ਸਣੇ ਉਹ ਦੀ ਭਾਲ ਕੀਤੀ।*

1. "ਆਪਣਾ ਮੂੰਹ ਕੀਤਾ" ਦੱਸਦਾ ਹੈ ਕਿ ਉਸ ਨੇ ਬਹੁਤ ਵਿਚਾਰ ਕੀਤਾ ਸੀ, ਪਵਿੱਤਰ ਸ਼ਾਸਤਰ ਦਾ ਅਧਿਐਨ ਕੀਤਾ ਸੀ। ਆਪਣਾ ਮਨ ਟਿਕਾਇਆ। ਭਾਲ ਕਰਨ ਲਈ ਤਿਆਰੀ ਕੀਤਾ ਅਤੇ ਭਾਲ ਕਰਦਾ ਰਿਹਾ।
2. "ਵਰਤ ਰੱਖ ਕੇ, ਤੱਪੜ ਅਤੇ ਸੁਆਹ ਸਣੇ" ਆਪਣੇ ਆਪ ਨੂੰ ਹਲੀਮ ਕੀਤਾ ਅਤੇ ਤੋਬਾ ਕੀਤੀ। ਦਾਨੀਏਲ 9:4-16 ". . . . *ਅਸੀਂ ਪਾਪ ਕੀਤਾ ਹੈ* . . . " ਆਇਤ 5
3. ਅਸੀਂ ਇਨ੍ਹਾਂ ਸਭਨਾਂ ਵਰਗਾਂ ਦੇ ਪਾਪਾਂ ਦਾ ਇਕਰਾਰ ਕਰਨਾ ਹੈ।
   ਦਾਨੀਏਲ ਆਪਣੇ ਲੋਕਾਂ ਲਈ ਗੱਲ ਕਰ ਰਿਹਾ ਸੀ; "ਅਸੀਂ ਪਾਪ ਕੀਤਾ ਹੈ।"
   "ਲੋਕਾਂ" ਵਿੱਚੋਂ ਇੱਕ ਵਿਸ਼ਵਾਸੀ ਨੂੰ ਆਪਣੇ ਰਾਸ਼ਟਰ ਦੇ ਲੋਕਾਂ ਦੇ ਪਾਪਾਂ ਦਾ ਇਕਰਾਰ ਕਰਨ ਦੀ ਲੋੜ ਹੈ।
4. ਉਹ ਪਰਮੇਸ਼ਰ ਦੇ ਫੈਸਲੇ ਅਤੇ ਕੰਮਾਂ ਨਾਲ ਸਹਿਮਤ ਹੋਇਆ। ਇਹ ਕਿਰਪਾ ਪ੍ਰਾਪਤ ਕਰਨ ਦਾ ਪਹਿਲਾ ਕਦਮ ਹੈ।
5. ਸਾਡੇ ਨਾਲ ਜੋ ਕੁਝ ਹੁੰਦਾ ਹੈ ਉਹ ਸਾਡੇ ਪਾਪ ਦਾ ਨਤੀਜਾ ਹੈ। ਅਸੀਂ ਉਹੀ ਵੱਢਦੇ ਹਾਂ ਜੋ ਅਸੀਂ ਬੀਜਿਆ ਹੈ (ਗਲਾਤੀਆਂ 6:7; 2 ਕੁਰਿੰਥੀਆਂ 9:6)।
6. ਜਦ ਅਸੀਂ ਪਰਮੇਸ਼ਰ ਨਾਲ ਅਸਹਿਮਤ ਹੁੰਦੇ ਹਾਂ ਅਤੇ ਉਸ ਦੇ ਫੈਸਲੇ ਦਾ ਵਿਰੋਧ ਕਰਦੇ ਹਾਂ, ਤਦ ਸ਼ਤਾਨ ਦੇ ਧੋਖੇ ਲਈ ਬੂਹਾ ਖੁਲ੍ਹ ਜਾਂਦਾ ਹੈ।

ਦਾਨੀਏਲ 9:17-19 *ਹੁਣ ਹੇ ਸਾਡੇ ਪਰਮੇਸ਼ਰ, ਆਪਣੇ ਸੇਵਕ ਦੀ ਅਰਦਾਸ ਅਤੇ ਬੇਨਤੀ ਸੁਣ ਅਤੇ ਆਪਣੇ ਮੂੰਹ ਦੇ ਪਰਕਾਸ਼ ਨੂੰ ਪ੍ਰਭੂ ਦੇ ਲਈ ਆਪਣੇ ਪਵਿੱਤਰ ਥਾਂ ਉੱਤੇ ਜਿਹੜਾ ਉੱਜੜਿਆ ਪਿਆ ਹੈ ਚਮਕਾ।*

ਦਾਨੀਏਲ 9:20-27 ਜਬਰਾਏਲ ਉੱਤਰ ਲਿਆਉਂਦਾ ਹੈ
ਦਾਨੀਏਲ 10:12-14 ਜਬਰਾਏਲ ਉੱਤਰ ਲਿਆਇਆ ਪਰ "ਫਾਰਸ ਦੇ ਰਾਜ ਦੇ ਪਰਧਾਨ" ਨੇ ਉਸ ਨੂੰ 21 ਦਿਨਾਂ ਤੀਕਰ ਅਟਕਾ ਛੱਡਿਆ ਸੀ।

ਅਕਸਰ ਜਦ ਅਸੀਂ ਪ੍ਰਾਰਥਨਾ ਕਰਦੇ ਹਾਂ ਤਾਂ ਸਵਰਗੀ ਥਾਂਵਾਂ ਵਿੱਚ ਯੁੱਧ ਛਿੜ ਜਾਂਦਾ ਹੈ।

**e)** ਹਨੇਰੇ ਨੂੰ ਪਿਛਾਂਹ ਧੱਕੋ **-** ਪਰਮੇਸ਼ਰ ਦੇ ਰਾਜ ਨੂੰ ਫੈਲਾਓ

ਹੱਦਾਂ ਨਿਰਧਾਰਿਤ ਕਰੋ। ਗਿਣਤੀ 33:50-55; ਯਹੋਸ਼ੁਆ 1:3; 6:2

ਮਧਿਅਸਥੀ (ਪਾਗਹਾ) ਦਾ ਅਰਥ ਹੈ: ਉਸ ਨੂੰ ਵਾਪਿਸ ਲੈਣਾ ਜੋ ਦਰਅਸਲ ਪ੍ਰਭੂ ਦਾ ਹੈ ਪਰ ਸ਼ਤਾਨ ਨੇ ਚੋਰੀ ਕਰ ਲਿਆ ਹੈ ਅਤੇ ਉਸ ਉੱਤੇ ਆਪਣਾ ਝੂਠਾ ਦਾਅਵਾ ਕਰ ਰਿਹਾ ਹੈ।

ਯਹੋਸ਼ੁਆ 19:11, 22, 26, 27, 34

ਜ਼ਬੂਰ 44:5 ਤੇਰੇ ਰਾਹੀਂ ਅਸੀਂ ਆਪਣਿਆਂ ਵਿਰੋਧੀਆਂ ਨੂੰ **ਹੇਠਾਂ ਧੱਕਾਂਗੇ**, ਤੇਰੇ ਨਾਮ ਤੋਂ ਅਸੀਂ ਆਪਣਿਆਂ ਦੁਸ਼ਮਣਾਂ ਨੂੰ ਮਿੱਧਾਂਗੇ

"ਹੇਠਾਂ ਧੱਕਾਂਗੇ" ਦੇ ਲਈ ਇਸਤੇਮਾਲ ਹੋਏ ਇਬਰਾਨੀ ਸ਼ਬਦ ਦਾ ਅਰਥ ਹੈ ਸਿੰਗਾਂ ਨਾਲ ਮਾਰਨਾ; ਇਹ ਇੱਕ ਕਹਾਵਤ ਹੈ ਜਿਸ ਦਾ ਅਰਥ ਹੈ; ਯੁੱਧ ਕਰਨਾ।

**f)** ਪ੍ਰਾਰਥਨਾ ਸਵਰਗਦੂਤਾਂ ਨੂੰ ਖੋਲ੍ਹਦੀ ਹੈ ਅਤੇ ਦੁਸ਼ਟ ਆਤਮਿਆਂ ਨੂੰ ਬੰਨ੍ਹਦੀ ਹੈ

ਸਵਰਗਦੂਤਾਂ ਦੀ ਜਿੰਮੇਵਾਰੀ ਹੈ:

1. ਪ੍ਰਭੂ ਦੀ ਅਰਾਧਨਾ ਅਤੇ ਸੇਵਾ ਕਰਨਾ ਇਬਰਾਨੀਆਂ 1:4, 6-7
2. "ਮੁਕਤੀ ਦਾ ਵਿਰਸਾ ਪਾਉਣ ਵਾਲਿਆਂ ਦੀ ਸੇਵਾ ਲਈ ਆਉਣਆ" ਇਬਰਾਨੀਆਂ 1:14

- ਅਬਰਾਹਾਮ ਨੇ ਲੂਤ ਲਈ ਪ੍ਰਾਰਥਨਾ ਕੀਤੀ – ਸਵਰਗਦੂਤਾਂ ਨੇ ਉਸ ਨੂੰ ਛੁਡਾਇਆ। ਉਤਪਤ 19
- ਅਲੀਸ਼ਾ ਵੈਰੀ ਦੀ ਸੈਨਾ ਨਾਲ ਘਿਰਿਆ ਸੀ। 2 ਰਾਜਿਆਂ 6:17
- ਦਾਨੀਏਲ ਸ਼ੇਰਾਂ ਦੇ ਘੁਰੇ ਵਿੱਚ ਸੀ। ਦਾਨੀਏਲ 6:22
- ਦਾਨੀਏਲ ਨੇ ਤਿੰਨ ਹਫਤਿਆਂ ਤੱਕ ਵਰਤ ਰੱਖ ਕੇ ਪ੍ਰਾਰਥਨਾ ਕੀਤੀ। ਦਾਨੀਏਲ 10:2,13

- ਹਿਜ਼ਕਿਯਾਹ ਨੇ ਪ੍ਰਾਰਥਨਾ ਕੀਤੀ, ਸਵਰਗਦੂਤ ਨੇ 185,000 ਅੱਸ਼ੂਰੀਆਂ ਨੂੰ ਮਾਰ ਸੁੱਟਿਆ। ਯਸਾਯਾਹ 37:21,36
- ਰਸੂਲਾਂ ਨੂੰ ਜੇਲ ਵਿੱਚੋਂ ਛੁਡਾਇਆ। ਰਸੂਲਾਂ 5:19; 12:5-10

**ਸਾਡੇ ਰੱਬੀ ਸ਼ਸਤਰ-ਬਸਤਰ** (ਜਾਰੀ)

2. **"ਆਤਮਾ ਦੀ ਤਲਵਾਰ** ਜੋ ਪਰਮੇਸ਼ਰ ਦੀ ਬਾਣੀ ਹੈ" ਅਫ਼ਸੀਆਂ 6:17

a) ਇਹ **ਸ਼ਕਤੀਸ਼ਾਲੀ ਹੈ**:

ਇਬਰਾਨੀਆਂ 4:12 ਜੀਉਂਦਾ ਅਤੇ ਗੁਣਕਾਰ ਅਤੇ ਹਰੇਕ ਦੋ ਧਾਰੀ ਤਲਵਾਰ ਨਾਲੋਂ ਤਿੱਖਾ ਹੈ

ਯਸਾਯਾਹ 55:11 ਉਹ ਮੇਰੀ ਵੱਲ ਅਵਿਰਥਾ ਨਹੀਂ ਮੁੜੇਗਾ, ਪਰ ਜੋ ਮੈਂ ਠਾਇਆ ਉਸ ਨੂੰ ਪੂਰਾ ਕਰੇਗਾ

ਯਿਰਮਿਯਾਹ 23:29 ਕੀ ਮੇਰਾ ਬਚਨ ਅੱਗ ਵਾਂਙੁ ਨਹੀਂ? ਯਹੋਵਾਹ ਦਾ ਵਾਕ ਹੈ, ਅਤੇ ਵਦਾਣ ਵਾਂਙੁ

ਪਰਕਾਸ਼ 1:16 ਉਹ ਦੇ ਮੂੰਹ ਵਿੱਚੋਂ ਇੱਕ ਦੁਧਾਰੀ ਤਿੱਖੀ ਤਲਵਾਰ ਨਿੱਕਲਦੀ ਸੀ

1 ਥੱਸਲੁਨੀਕੀਆਂ 2:13 ਪਰਮੇਸ਼ਰ ਦਾ ਬਚਨ...ਤੁਹਾਡੇ ਨਿਹਚਾਵਾਨਾਂ ਵਿੱਚ ਕੰਮ ਵੀ ਕਰਦਾ ਹੈ।

ਜ਼ਬੂਰ 107:20 ਉਹ ਆਪਣਾ ਬਚਨ ਘੱਲ ਕੇ ਉਨ੍ਹਾਂ ਨੂੰ ਚੰਗਾ ਕਰਦਾ ਹੈ।

ਮੱਤੀ 8:8 ਪ੍ਰਭੂ ਜੀ...ਨਿਰਾ ਬਚਨ ਹੀ ਕਰ ਤਾਂ ਮੇਰਾ ਨੌਕਰ ਚੰਗਾ ਹੋ ਜਾਊ।

ਯਿਸੂ ਨੇ ਹਨੇਰੀ ਨੂੰ, ਹੰਜੀਰ ਦੇ ਰੁੱਖ ਨੂੰ, ਲਾਜਰ ਨੂੰ ਬੋਲਿਆ।

ਉਸ ਦਾ ਰੇਮਾ ਸ਼ਬਦ ਸੰਗਤੀ / ਪ੍ਰਾਰਥਨਾ ਦੇ ਜ਼ਰੀਏ ਆਉਂਦਾ ਹੈ: ਅਫ਼ਸੀਆਂ 6:18

- ਯਿਰਮਿਯਾਹ 1:7-10, 12, 17; ਹਿਜ਼ਕੀਏਲ 37:1-10
- ਯਾਕੂਬ 5:17; 1 ਰਾਜਿਆਂ 17:1; 18:1

b) ਅਸੀਂ ਤਲਵਾਰ ਦੀ ਵਰਤੋਂ ਕਿਵੇਂ ਕਰਦੇ ਹਾਂ:

- ਅੱਯੂਬ 22:28
- ਮਰਕੁਸ 11:12-14, 20-25
- ਕੂਚ 3:18 +
- 1 ਸਮੂਏਲ 17:33-37, 43-47
- ਯਸਾਯਾਹ 42:22; 49:9

ਮੱਤੀ 16:18-19 ਕੁੰਜੀਆਂ = ਅਧਿਕਾਰ (ਰਾਜ, ਸ਼ਾਸਨ)

ਮੈਂ ਸੁਰਗ ਦੇ ਰਾਜ ਦੀਆਂ ਕੁੰਜੀਆਂ ਤੈਨੂੰ ਦਿਆਂਗਾ ਅਤੇ ਜੋ ਕੁਝ ਤੂੰ ਧਰਤੀ ਉੱਤੇ ਬੰਨ੍ਹੇਂਗਾ (ਰੱਦੇਂਗਾ ਜਾਂ ਬੰਦ ਕਰ ਦਵੇਂਗਾ) ਸੁਰਗ ਵਿੱਚ ਬੰਨ੍ਹਿਆ ਜਾਵੇਗਾ।

ਇਸ ਦਾ ਅਰਥ ਹੈ, ਪਰਮੇਸ਼ਰ ਦਾ ਸ਼ਾਸਨ ਅਤੇ ਅਧਿਕਾਰ ਸਾਡਿਆਂ ਕੰਮਾਂ ਵਿੱਚ ਸਾਡਾ ਸਹਿਯੋਗ ਕਰੇਗਾ।
ਇਹ ਤਦ ਹੋਵੇਗਾ ਜਦ ਅਸੀਂ ਇਸ ਦੀ ਘੋਸ਼ਣਾ ਕਰਾਂਗੇ!

ਪਰ: ਸ਼ਬਦ ਬੋਲਣ ਲਈ – ਆਤਮਾ ਦੀ ਤਲਵਾਰ ਨੂੰ ਅਧਿਕਾਰ ਨਾਲ ਚਲਾਉਣ ਲਈ – **ਲਾਜ਼ਮੀ ਹੈ ਕਿ ਤੁਸੀਂ ਅਧਿਕਾਰ ਹੇਠ ਹੋਵੋ!**

ਮੱਤੀ 8:8-10 ਪਰ ਸੂਬੇਦਾਰ ਨੇ ਉੱਤਰ ਦਿੱਤਾ, ਪ੍ਰਭੂ ਜੀ ਮੈਂ ਇਸ ਜੋਗ ਨਹੀਂ ਜੋ ਤੂੰ ਮੇਰੀ ਛੱਤ ਦੇ ਹੇਠ ਆਵੇਂ ਪਰ ਨਿਰਾ **ਬਚਨ ਹੀ ਕਰ** ਤਾਂ ਮੇਰਾ ਨੌਕਰ ਚੰਗਾ ਹੋ ਜਾਊ। (9) ਕਿਉਂ ਜੋ ਮੈਂ ਭੀ ਇੱਕ ਮਨੁੱਖ ਦੂਏ ਦੇ **ਹੁਕਮ ਵਿੱਚ ਹਾਂ** ਅਤੇ ਸਿਪਾਹੀਆਂ ਨੂੰ ਆਪਣੇ ਇਖ਼ਤਿਆਰ ਵਿੱਚ ਰੱਖਦਾ ਹਾਂ ਅਰ ਇੱਕ ਨੂੰ **ਆਖਦਾ ਹਾਂ**, ਜਾਹ! ਤਾਂ ਉਹ ਜਾਂਦਾ ਹੈ ਅਤੇ ਦੂਏ ਨੂੰ, ਆ! ਤਾਂ ਉਹ ਆਉਂਦਾ ਹੈ ਅਰ ਆਪਣੇ ਚਾਕਰ ਨੂੰ, ਇਹ ਕਰ! ਤਾਂ ਉਹ ਕਰਦਾ ਹੈ।

ਅਧਿਕਾਰ ਹੇਠ ਰਹਿਣ ਲਈ ਜ਼ਰੂਰੀ ਹੈ ਕਿ ਅਸੀਂ ਪ੍ਰਭੂ ਦੀ ਆਗਿਆਕਾਰੀ ਕਰੀਏ, ਉਹ ਜੋ ਹੁਕਮ ਦਿੰਦਾ ਹੈ ਉਸ ਨੂੰ ਬੋਲੀਏ ਅਤੇ ਕਰੀਏ। "**ਤੇਰੀ ਮਰਜ਼ੀ...ਪੂਰੀ...ਹੋਵੇ!**"

"ਇਜਾਜ਼ਤ" ਦੇਣ ਦੇ ਅਧਿਕਾਰ ਦਾ ਅਰਥ ਹੈ ਕਿ ਪਵਿੱਤਰ ਆਤਮਾ ਦੀ ਅਗਵਾਈ ਹੇਠ ਘੋਸ਼ਣਾ ਕਰਨਾ, ਪਰਮੇਸ਼ਰ ਚਾਹੁੰਦਾ ਹੈ ਕਿ ਅਸੀਂ ਉਨ੍ਹਾਂ ਹਾਲਾਤਾਂ ਨੂੰ ਖੋਲ੍ਹੀਏ ਜਿੱਥੇ ਦੇ ਬੂਹੇ ਬੰਦ ਪਏ ਹਨ।

c) ਦੁਸ਼ਟ ਆਤਮਿਆਂ ਨੂੰ ਕੱਢਣਾ: ਮੱਤੀ 10:1, 7-8; 17:14-21; ਲੂਕਾ 10:17-20

d) ਰੋਗਾਂ ਨੂੰ ਰੋਕਣਾ

e) ਦੁਸ਼ਟ ਆਤਮਿਆਂ ਨੂੰ ਕਿਸੇ ਵਿਅਕਤੀ ਦੇ ਜੀਵਨ ਉੱਤੇ ਇਖਤਿਆਰ ਰੱਖਣ ਤੋਂ ਰੋਕਣਾ।

ਕਲੀਸਿਯਾ ਦੇ ਵਾਧੇ ਲਈ ਅਤੇ ਪਰਮੇਸ਼ਰ ਦੇ ਰਾਜ ਦੇ ਪ੍ਰਸਾਰ ਲਈ ਖੁਸ਼ਖਬਰੀ ਦਾ ਸਫਲ ਪ੍ਰਚਾਰ ਆਤਮਕ ਯੁੱਧ ਉੱਤੇ ਨਿਰਭਰ ਕਰਦਾ ਹੈ।

ਮੱਤੀ 16:18 ਮੈਂ ਇਸ ਪੱਥਰ ਉੱਤੇ ਆਪਣੀ ਕਲੀਸਿਯਾ ਬਣਾਵਾਂਗਾ ਅਤੇ **ਪਤਾਲ ਦੇ ਫਾਟਕਾਂ** ਦਾ ਉਹ ਦੇ ਉੱਤੇ ਕੁਝ ਵੱਸ ਨਾ ਚੱਲੇਗਾ।

ਉਤਪਤ 22:17 ਅਰ ਤੇਰੀ **ਅੰਸ** ਆਪਣੇ ਵੈਰੀਆਂ ਦੇ **ਫਾਟਕ** ਉੱਤੇ ਕਬਜਾ ਕਰੇਗੀ।

- ਗਲਾਤੀਆਂ 3:29 ਅਤੇ ਜੇ ਤੁਸੀਂ ਮਸੀਹ ਦੇ ਹੋ ਤਾਂ ਅਬਰਾਹਾਮ ਦੀ ਅੰਸ ਅਤੇ ਬਚਨ ਦੇ ਅਨੁਸਾਰ ਅਧਕਾਰੀ ਹੋ।
- ਕਬਜਾ ਕਰਨਾ – ਮਾਲਕ ਹੋਣਾ, ਸੁਆਮੀ ਹੋਣਾ।

- ਫਾਟਕ – ਕਾਰਜਕਾਰੀ ਇਖਤਿਆਰ ਦੀ ਥਾਂ।
    - ਰੂਥ 4:1, 10-11
    - 1 ਰਾਜਿਆਂ 22:10 ਇਨ੍ਹਾਂ ਰਾਜਿਆਂ ਨੂੰ ਅਧਿਕਾਰ, ਨਿਯੰਤ੍ਰਣ, ਸ਼ਾਸਨ ਦੇ ਥਾਂ ਦਿੱਤੇ ਗਏ ਸਨ ਜਾਂ ਉਨ੍ਹਾਂ ਨੇ ਲਏ ਸਨ।

ਆਮੋਸ 5:15 ਬਦੀ ਤੋਂ ਘਿਣ ਕਰੋ, ਨੇਕੀ ਨੂੰ ਪਿਆਰ ਕਰੋ, ਫਾਟਕ ਵਿੱਚ ਇਨਸਾਫ਼ ਕਾਇਮ ਕਰੋ, ਸ਼ਾਇਤ ਯਹੋਵਾਹ ਸੈਨਾਂ ਦਾ ਪਰਮੇਸ਼ਰ ਯੂਸੁਫ਼ ਦੇ ਬਕੀਏ ਨਾਲ ਦਯਾ ਕਰੇ।

ਮੱਤੀ 16:19 "ਮੈਂ ਸੁਰਗ ਦੇ ਰਾਜ ਦੀਆਂ ਕੁੰਜੀਆਂ **ਤੈਨੂੰ** ਦਿਆਂਗਾ"

- ਅਧਿਕਾਰ / ਜਿੰਮੇਵਾਰੀ
- ਫਾਟਕ ਖੋਲ੍ਹੋ / ਫਾਟਕ ਬੰਦ ਕਰੋ

ਮੱਤੀ 16:19 ਅਤੇ ਜੋ ਕੁਝ ਤੂੰ ਧਰਤੀ ਉੱਤੇ ਬੰਨ੍ਹੇਂਗਾ ਸੁਰਗ ਵਿੱਚ ਬੰਨ੍ਹਿਆ ਜਾਵੇਗਾ ਅਤੇ ਜੋ ਕੁਝ ਤੂੰ ਧਰਤੀ ਉੱਤੇ ਖੋਲ੍ਹੇਂਗਾ ਸੁਰਗ ਵਿੱਚ ਖੋਲ੍ਹਿਆ ਜਾਵੇਗਾ।

**3. ਯਿਸੂ ਦਾ ਨਾਮ** ਇੱਕ ਰੱਬੀ ਸ਼ਸਤਰ।

| | |
|---|---|
| ਫ਼ਿਲਿੱਪੀਆਂ 2:9-11 | ਰਸੂਲਾਂ 3:6; 15-16; 4:10; 9:34; 16:16-18 |
| 1 ਸਮੂਏਲ 17:45 | ਮਰਕੁਸ 16:17 |
| ਰੋਮੀਆਂ 10:13 | 2 ਇਤਹਾਸ 14:11 |
| ਜ਼ਬੂਰ 44:5 | ਉਦਾਹਰਨ: ਲੂਕਾ 10:17-20 |

**4. ਉਸਤਤ ਦੀ ਸ਼ਕਤੀ**

ਕੂਚ 15:10-11 "ਉਸਤਤ ਵਿੱਚ ਭੈ ਦਾਇਕ"

ਜ਼ਬੂਰ 22:3 "ਪਰਮੇਸ਼ਰ ਉਸਤਤਾਂ ਵਿੱਚ ਵੱਸਦਾ ਹੈ।"

| | |
|---|---|
| ਜ਼ਬੂਰ 149 | ਯਸਾਯਾਹ 42:10-13 |
| ਜ਼ਬੂਰ 8:2 ਅਤੇ ਮੱਤੀ 25:16 | ਜ਼ਬੂਰ 76:1-3 ਯਹੂਦਾਹ = ਉਸਤਤ |
| ਰਸੂਲਾਂ 16:22 | 2 ਇਤਹਾਸ 20:22 |

**5. ਪ੍ਰਚਾਰ ਦੀ ਸ਼ਕਤੀ**

ਰੋਮੀਆਂ 1:15-16

1 ਕੁਰਿੰਥੀਆਂ 1:17-24

ਕਲੀਸਿਯਾ ਸਥਾਪਨਾ ਕਰਨ ਲਈ – ਜਿੱਥੇ ਪ੍ਰਭੂ ਦੀ ਅਰਾਧਨਾ ਹੁੰਦੀ ਹੈ ਉੱਥੇ ਜਗਵੇਦੀਆਂ ਬਣਾਉਣਾ।

ਅਰਥਾਤ: ਕਲੀਸਿਯਾ ਸਥਾਪਨਾ ਕਰਨਾ:

ਅਬਰਾਹਾਮ: ਉਤਪਤ 12:7,8; 13:18

ਇਸਹਾਕ: ਉਤਪਤ 26:23-25

ਯਾਕੂਬ: ਉਤਪਤ 28:12-13, 17-19; 33:18-20; 35:13-15

ਅਸੀਂ ਅਬਰਾਹਾਮ ਦੀ "ਅੰਸ਼" ਹਾਂ। ਗਲਾਤੀਆਂ 3:29

**6. ਗਵਾਹੀ ਦੀ ਸ਼ਕਤੀ - **"ਗਵਾਹ ਹੋਣਾ"

ਪਰਕਾਸ਼ 12:11

ਜਦ ਲੋਕ ਸੁਣਦੇ ਹਨ ਕਿ ਪਰਮੇਸ਼ਰ ਨੇ ਤੁਹਾਡੇ ਲਈ ਕੀ ਕੀਤਾ ਹੈ ਅਤੇ ਉਹ ਤੁਹਾਡੇ ਜੀਵਨ ਵਿੱਚ ਪਰਤੱਖ ਅਤੇ ਸਪਸ਼ਟ ਬਦਲਾਓ ਵੇਖਦੇ ਹਨ, ਤਾਂ ਉਸ ਦੀ ਤਸਦੀਕ ਹੁੰਦੀ ਜਾਂਦੀ ਹੈ ਜੋ ਤੁਸੀਂ ਆਖ ਰਹੇ ਹੋ।

ਉਹ ਸੁਣਦੇ ਹਨ ਅਤੇ ਵੇਖਦੇ ਹਨ।

**7. ਵਰਤ ਦੀ ਸ਼ਕਤੀ** ਮੱਤੀ 6:16-18; 9:14-15

a) ਸੇਵਾ ਲਈ ਸ਼ਕਤੀ ਪ੍ਰਾਪਤ ਕਰਨ ਲਈ। ਲੂਕਾ 4:1-2, 14

b) ਵਿਅਕਤੀਗਤ ਪਰਕਾਸ਼ ਲਈ: ਲੂਕਾ 2:36-38

ਐਨਾ ਨੇ ਵੇਖਿਆ, ਬਾਕੀਆਂ ਨੇ ਕੇਵਲ ਉਹ ਸੁਣਿਆ ਜੋ ਉਸ ਨੇ ਬੋਲਿਆ।

c) ਸੇਵਾ ਲਈ ਸੱਦਣ ਅਤੇ ਘੱਲਣ ਲਈ। ਰਸੂਲਾਂ 13:1-4

d) ਸਰੀਰ ਉੱਤੇ ਜਿੱਤ ਲਈ

ਜ਼ਬੂਰ 35:13 ਦਾਊਦ ਨੇ ਆਪਣੀ ਜਾਨ ਨੂੰ ਦੁਖ ਦਿੱਤਾ।

ਗਲਾਤੀਆਂ 5:17 ਸਰੀਰ ਦੀ ਲਾਲਸਾ ਉੱਤੇ ਇੱਕ ਜਬਰਦਸਤ ਹਮਲਾ ਕਰਦਾ ਹੈ।

e) ਆਤਮਕ ਯੁੱਧ।

ਯਸਾਯਾਹ 58:6

1 ਸਮੂਏਲ 7:3-10 ਮੂਰਤੀਆਂ ਨੂੰ ਹਟਾਇਆ, ਵਰਤ ਰੱਖਿਆ, ਪ੍ਰਾਰਥਨਾ ਕੀਤੀ, ਵੈਰੀ ਨੂੰ ਹਰਾਇਆ

2 ਇਤਹਾਸ 20

ਮੱਤੀ 17:14-21 ਇਸ ਤਰ੍ਹਾਂ ਦੀ ਜਾਤੀ ਪ੍ਰਾਰਥਨਾ ਅਤੇ ਵਰਤ ਬਿਨਾ ਨਹੀਂ ਨਿੱਕਲ ਸੱਕਦੀ

**8. ਆਤਮਾ ਦੇ ਫਲ ਵੈਰੀ ਦੇ ਵਿਰੁੱਧ ਸ਼ਕਤੀਸ਼ਾਲੀ ਸ਼ਸਤਰ ਹਨ।**

ਗਲਾਤੀਆਂ 5:16 ਪਰ ਮੈਂ ਆਖਦਾ ਹਾਂ, ਤੁਸੀਂ ਆਤਮਾ ਦੁਆਰਾ ਚੱਲੋ ਤਾਂ ਸਰੀਰ ਦੇ ਵਿਸ਼ਿਆਂ ਨੂੰ ਕਦੇ ਪੂਰਿਆਂ ਨਾ ਕਰੋਗੇ।

ਜੋ ਵੈਰੀ ਨੂੰ ਸਾਡੇ ਉੱਤੇ ਹਮਲਾ ਕਰਨ ਲਈ ਇੱਕ ਖੁਲ੍ਹਾ ਬੂਹਾ ਦਿੰਦਾ ਹੈ।

ਗਲਾਤੀਆਂ 5:22-23 ਪਰ ਆਤਮਾ ਦਾ ਫਲ ਇਹ ਹੈ-**ਪ੍ਰੇਮ, ਅਨੰਦ, ਸ਼ਾਂਤੀ, ਧੀਰਜ, ਦਿਆਲਗੀ, ਭਲਿਆਈ, ਵਫ਼ਾਦਾਰੀ,** (23) **ਨਰਮਾਈ, ਸੰਜਮ।** ਇਹੋ ਜੇਹੀਆਂ ਗੱਲਾਂ ਦੇ ਵਿਰੋਧ ਕੋਈ ਸ਼ਰਾ ਨਹੀਂ ਹੈ।

- ਸਾਡਾ ਵੈਰੀ ਇਨ੍ਹਾਂ ਗੁਣਾਂ ਦੇ ਬਿਲਕੁਲ ਉਲਟ ਹੈ।
- ਉਹ ਅਜਿਹੇ ਵਿਅਕਤੀ ਦੇ ਨਾ ਤਾਂ ਨੇੜੇ ਜਾ ਸਕਦਾ ਹੈ ਅਤੇ ਨਾ ਹੀ ਹਮਲਾ ਕਰ ਸਕਦਾ ਹੈ।
- ਇਹ ਫਲ ਪਰਮੇਸ਼ਰ ਦੇ ਰਾਜ ਦੇ ਗੁਣ ਹਨ, ਜਿਸ ਵਿੱਚ ਸਾਡਾ ਵੈਰੀ ਪ੍ਰਵੇਸ਼ ਨਹੀਂ ਕਰ ਸਕਦਾ।

ਗਲਾਤੀਆਂ 5:25 ਜੇ ਅਸੀਂ ਆਤਮਾ ਦੁਆਰਾ ਜੀਉਂਦੇ ਹਾਂ **ਤਾਂ ਆਤਮਾ ਦੁਆਰਾ ਚੱਲੀਏ ਵੀ।**

ਅਤੇ ਅਸੀਂ ਜਿੱਤ ਵਿੱਚ ਚੱਲਾਂਗੇ:

ਆਪਣੇ ਵੈਰੀਆਂ ਉੱਤੇ – ਆਪਣੇ ਸਰੀਰ ਉੱਤੇ – ਸ਼ਤਾਨ ਉੱਤੇ।

ਪਰ ਧੰਨਵਾਦ ਹੈ ਪਰਮੇਸ਼ਰ ਦਾ ਜੋ ਸਾਨੂੰ ਸਾਡੇ ਪ੍ਰਭੂ ਯਿਸੂ ਮਸੀਹ ਦੇ ਰਾਹੀਂ ਫਤਹ ਬਖਸ਼ਦਾ ਹੈ! 1 ਕੁਰਿੰਥੀਆਂ 15:57

VI. **ਵਿਹਾਰਕ - ਆਤਮਕ ਯੁੱਧ**

ਪ੍ਰਭੂ ਤੋਂ ਆਤਮਕ ਪਰਖ ਮੰਗੋ।

1. ਇਸ ਥਾਂ ਵਿੱਚ ਕੀ ਗੜਬੜ ਹੈ?
2. ਇਹ ਅਜਿਹਾ ਕਿਵੇਂ ਹੋਇਆ?
3. ਕੀ ਕੀਤਾ ਜਾ ਸਕਦਾ ਹੈ? ਜਿਵੇਂ ਕਿ ਯਹੋਸ਼ੁਆ – ਹਰੇਕ ਨਗਰ ਨੂੰ ਵੱਖਰੇ ਤਰੀਕੇ ਨਾਲ ਜਿੱਤਿਆ ਗਿਆ।
4. "ਕਨੂੰਨੀ ਪ੍ਰਵੇਸ਼ਾਂ" ਦੀ ਭਾਲ ਕਰੋ ਜਿਨ੍ਹਾਂ ਦੇ ਕਾਰਨ ਗੜ੍ਹ ਬਣੇ ਹਨ।

ਕਿਹੜਾ ਪਾਪ? ਇਹ ਸ਼ਤਾਨ ਨੂੰ ਨਗਰ ਦੇ ਫਾਟਕਾਂ 'ਤੇ ਕਬਜ਼ਾ ਕਰਨ ਦਾ ਮੌਕਾ ਦਿੰਦਾ ਹੈ।

5. ਪਾਪ ਦਾ ਪਤਾ ਕਿਵੇਂ ਲਗਾਈਏ।
    - ਨਗਰ ਦੀ ਸਥਾਪਨਾ ਕਿਉਂ ਕੀਤੀ ਗਈ ਸੀ?
    - ਨਗਰ ਨੂੰ ਇਸ ਦਾ ਨਾਮ ਕਿਵੇਂ ਮਿਲਿਆ?
    - ਇਸ ਵਿੱਚ ਸਭ ਤੋਂ ਪਹਿਲਾਂ ਕਿਹੜੇ ਲੋਕ ਵੱਸੇ ਸਨ?
    - ਉਨ੍ਹਾਂ ਨਾਲ ਕੀ ਹੋਇਆ?
    - ਸਰਕਾਰ ਵਿੱਚ ਕੋਈ ਭ੍ਰਿਸ਼ਟਾਚਾਰ ਹੈ?
    - ਕੋਈ ਨਾਅਰੇ ਜਾਂ ਮਕਸਦ?
    - ਨਗਰ ਕਿਨ੍ਹਾਂ ਸਿਧਾਂਤਾਂ 'ਤੇ ਸਥਾਪਿਤ ਹੋਇਆ ਸੀ?
    - ਕਿਸੇ ਧਾਰਮਿਕ ਛਲਾਵੇ ਦੇ ਕੋਈ ਚਿਨ੍ਹ?
    - ਕੁਦਰਤੀ ਤਬਾਹੀਆਂ।
    - ਸੰਗੀਤ, ਸੱਭਿਆਚਾਰ, ਬਣਤਰ, ਕਲਾ ਦਾ ਅਧਿਐਨ ਕਰੋ।
6. ਸਾਰੇ ਨਗਰ ਦੇ ਪਾਪ ਦੀ ਤੋਬਾ ਕੀਤੀ ਜਾਣੀ ਚਾਹੀਦੀ ਹੈ।

    ਇੱਕ ਮਧਿਅਸਥ ਆਪਣੇ ਨਗਰ ਦੇ ਖਾਲੀ ਥਾਂ ਵਿੱਚ ਖੜ੍ਹਾ ਹੁੰਦਾ ਹੈ।
    - ਦਾਨੀਏਲ 9:3 +
    - ਨਹਮਯਾਹ 1:7
    - ਅਜ਼ਰਾ 9:5-15

    ਅਸੀਂ ਆਪਣੇ ਖੇਤਰ – ਇਲਾਕੇ ਦੇ ਲਈ ਰਾਜਦੂਤ ਹਾਂ।
    - ਯੂਹੰਨਾ 20:23 2 ਕੁਰਿੰਥੀਆਂ 5:20
7. ਗੜ੍ਹਾਂ ਉੱਤੇ ਵਿਪਰੀਤ ਗੁਣਾਂ / ਆਤਮਾ ਦੇ ਫਲਾਂ ਨਾਲ ਹਮਲਾ ਕਰੋ। ਰੋਮੀਆਂ 12:21 ". . . ਬੁਰਿਆਈ ਨੂੰ ਭਲਿਆਈ ਨਾਲ ਜਿੱਤ ਲਵੋ।"

    ਜਿਵੇਂ ਕਿ ਲਾਲਚ ਉੱਤੇ ਦਾਨ ਨਾਲ; ਘੁਮੰਡ ਉੱਤੇ ਹਲੀਮੀ ਨਾਲ।
8. ਸਮਾਂ ਮਹੱਤਵਪੂਰਨ ਹੈ। ਯੂਹੰਨਾ 17:1
    - ਪ੍ਰਾਰਥਨਾ ਪੂਰਬਕ ਟੀਮਾਂ ਨੂੰ ਘੱਲੋ। ਲੂਕਾ 10:1, 18-20
    - ਵਰਤ ਰੱਖਦਿਆਂ ਟੀਮਾਂ ਨੂੰ ਘੱਲੋ।
    - ਆਤਮਾ ਦੀ ਤਲਵਾਰ ਦੀ ਵਰਤੋਂ ਕਰਦਿਆਂ ਟੀਮਾਂ ਨੂੰ ਘੱਲੋ।
      ਬੰਨ੍ਹਣਾ / ਖੋਲ੍ਹਣਾ। ਲੂਕਾ 11:20-22
    - ਆਗੂ ਆਪਣੇ ਲੋਕਾਂ ਨੂੰ ਆਤਮਕ ਯੁੱਧ ਬਾਰੇ ਸਿਖਾਉਂਦੇ ਹਨ।
    - 2 ਕੁਰਿੰਥੀਆਂ 10:4

8. ਆਤਮਾ ਦੀ ਤਲਵਾਰ ਦੀ ਵਰਤੋਂ
    - ਟੀਮ ਦੇ ਹਰੇਕ ਮੈਂਬਰ ਅਤੇ ਪਰਿਵਾਰ ਦੇ ਮੈਂਬਰਾਂ ਦੀ ਸੁਰੱਖਿਆ ਲਈ ਪ੍ਰਾਰਥਨਾ ਕਰੋ। ਜ਼ਬੂਰ 91 ਪੜ੍ਹੋ। ਗੋਡੇ ਟੇਕ ਕੇ ਆਪਣੇ ਆਪ ਨੂੰ ਹਲੀਮ ਕਰੋ। ਸਿਆਣੋ ਕਿ ਸਾਡੇ ਆਪਣੇ ਆਪ ਵਿੱਚ ਨਾ ਤਾਂ ਕੋਈ ਸ਼ਕਤੀ ਹੈ ਨਾ ਅਧਿਕਾਰ, ਪਰ ਸਾਰੀ ਸ਼ਕਤੀ ਅਤੇ ਅਧਿਕਾਰ ਯਿਸੂ ਦੇ ਨਾਮ ਵਿੱਚ ਹੈ।
    - ਲੋਕਾਂ, ਸਰਕਾਰਾਂ, ਕਾਰੋਬਾਰਾਂ ਦੇ ਪਾਪਾਂ ਦਾ ਇਕਰਾਰ ਕਰਨਾ ਅਤੇ ਮਾਫੀ ਮੰਗਣਾ।
    - ਸਥਾਨਕ ਆਗੂ ਤਕੜੇ ਮਸਹ ਦੇ ਨਾਲ ਖੇਤਰੀ ਆਤਮਾਵਾਂ ਦੇ ਵਿਰੁੱਧ ਵਿਸ਼ਵਾਸ ਵਿੱਚ ਅਗਵਾਈ ਕਰਦੇ ਹਨ। ਉਨ੍ਹਾਂ ਨੂੰ ਬੰਨ੍ਹਦੇ ਹਨ – ਉਨ੍ਹਾਂ ਨੂੰ ਰੋਕਦੇ ਹਨ – ਉਨ੍ਹਾਂ ਦੀ ਸ਼ਕਤੀ ਨੂੰ ਤੋੜਦੇ ਹਨ। ਉਨ੍ਹਾਂ ਨੂੰ ਹੁਕਮ ਦਿੰਦੇ ਹਨ ਕਿ ਉਹ ਰੁਕ ਜਾਣ, ਚਲੇ ਜਾਣ, ਨੱਸ ਜਾਣ। ਉਨ੍ਹਾਂ ਦੇ ਉਲਟ ਅਰਥਾਤ ਪਰਮੇਸ਼ਰ ਦੇ ਆਤਮਾ ਨੂੰ ਖਾਲੀ ਥਾਂ ਨੂੰ ਭਰਨ ਲਈ ਖੋਲ੍ਹਦੇ ਹਨ – ਇਜਾਜ਼ਤ ਦਿੰਦੇ ਹਨ। ਮੱਤੀ 12:44-45
    - ਹਰੇਕ ਵਿਅਕਤੀ ਏਕਤਾ ਵਿੱਚ ਇੱਕ ਸਹਿਮਤੀ ਨਾਲ ਖੜ੍ਹੇ ਹੁੰਦੇ ਹਨ।

**ਘੋਸ਼ਣਾ**

ਬਿਵਸਥਾ ਸਾਰ 32:8 ਪ੍ਰਭੂ ਨੇ ਇਹ ਦੇਸ ਤੁਹਾਨੂੰ ਦੇ ਦਿੱਤਾ ਹੈ!

ਉਵੇਂ ਹੀ ਜਿਵੇਂ ਪਰਮੇਸ਼ਰ ਨੇ ਇਸਰਾਏਲ ਨੂੰ ਕਨਾਨ ਦਿੱਤਾ ਸੀ। ਤੁਹਾਨੂੰ ਇਸ ਦੇ ਲਈ ਲੜਨਾ ਹੈ!

ਜ਼ਬੂਰ 2:8 ਉਸ ਤੋਂ ਇਸ ਨੂੰ ਮੰਗ ਲਓ। ਇਹ ਤੁਹਾਡਾ ਪ੍ਰਤਿੱਗਿਆ ਦਾ ਦੇਸ ਹੈ।

ਗਿਣਤੀ 13-14 ਚੰਗੀ ਖ਼ਬਰ ਬੋਲੋ!

ਅੱਯੂਬ 22:28 ਇਸ ਦਾ ਘੋਸ਼ਣਾ ਕਰੋ!

ਮਰਕੁਸ 11:22-24 ਜੋ ਕੋਈ ਆਖੇਗਾ

ਇਬਰਾਨੀਆਂ 10:23 ਆਸ ਦੇ ਸੱਚੇ ਇਕਰਾਰ ਨੂੰ ਤਕੜਾਈ ਨਾਲ ਫੜੀ ਰਖੀਏ ਕਿਉਂਕਿ ਜਿਹ ਨੇ ਵਾਇਦਾ ਕੀਤਾ ਹੈ ਉਹ ਵਫ਼ਾਦਾਰ ਹੈ।

ਰੋਮੀਆਂ 4:17 ਓਹਨਾਂ ਅਣਹੋਈਆਂ ਵਸਤਾਂ ਨੂੰ ਇਉਂ ਸੱਦਦਾ ਹੈ ਭਈ ਜਾਣੋ ਓਹ ਸਨਮੁਖ ਹਨ।

________________ ਦੀਆਂ ਕੰਧਾਂ ਢਹਿ ਜਾਣਗੀਆਂ।

ਮੁਕਤੀ ਦੀਆਂ ਕੰਧਾਂ ਖੜ੍ਹੀਆਂ ਹੋਣਗੀਆਂ! ਯਸਾਯਾਹ 60:18

ਪਰਤਾਪੀ ਰਾਜਾ ਪ੍ਰਵੇਸ਼ ਕਰੇਗਾ!

VII. **ਸੰਦਰਭ ਸੂਚੀ**

Breaking Strongholds in Your City by: C. Peter Wagner, Regal Books

Spiritual Warfare by: Dean Sherman, YWAM Publishing

Redeeming the Land by: Emeka Nwankpa, African Christian Press

VIII. **ਉਤਪਤ ਦੇ ਪਾਠ**

1 ਕੁਰਿੰਥੀਆਂ 10:11 ਸੋ ਏਹ ਗੱਲਾਂ ਓਹਨਾਂ ਉੱਤੇ ਨਸੀਹਤ ਦੇ ਲਈ ਹੋਈਆਂ ਅਤੇ ਸਾਨੂੰ ਮੱਤ ਦੇਣ ਲਈ ਲਿਖੀਆਂ ਹੋਈਆਂ ਹਨ ਜਿਨ੍ਹਾਂ ਉੱਤੇ ਜੁੱਗਾਂ ਦੇ ਅੰਤ ਆਣ ਪਹੁੰਚੇ ਹਨ।

ਉਤਪਤ 11 **ਬਾਬਲ ਦਾ ਬੁਰਜ**

ਸਾਰੇ ਲੋਕ ਸ਼ਤਾਨ ਦੀ ਉਪਾਸਨਾ ਕਰਨ ਲੱਗ ਪਏ। ਉਨ੍ਹਾਂ ਦੀ ਏਕਤਾ / ਸਹਿਮਤੀ ਉਨ੍ਹਾਂ ਦੀ ਬੁਰਿਆਈ ਲਈ ਸ਼ਕਤੀ ਬਣੀ। ਇਸ ਬੁਰਿਆਈ ਵਿੱਚ ਸ਼ਤਾਨ ਦੇ ਮਗਰ ਚੱਲਦਿਆਂ ਉਹ ਉਨ੍ਹਾਂ ਨੂੰ ਆਪਣੇ ਉੱਤੇ (ਖਜ਼ਾਨਾ) ਅਤੇ ਉਨ੍ਹਾਂ ਦੇ ਇਲਾਕੇ ਉੱਤੇ ਸ਼ਾਸਨ ਕਰਨ (ਸਿੰਘਾਸਣ) ਦਾ ਕਨੂੰਨੀ ਅਧਿਕਾਰ ਦੇ ਰਹੇ ਸਨ।

ਉਤਪਤ 12 **ਅਬਰਾਮ ਦਾ ਸੱਦਾ**

ਪੁਨਰ ਅਧਿਕਾਰ ਕਰਨ ਲਈ ਪ੍ਰਭੂ ਦੀ ਯੁੱਧ ਦੀ ਯੋਜਨਾ:

- ਉਸ ਦਾ ਦੁਨਿਆਵੀ ਸਿੰਘਾਸਣ – ਅਰਾਧਨਾ ਦਾ ਢੁਕਵਾਂ ਸਥਾਨ
- ਉਸ ਦਾ ਖਜ਼ਾਨਾ – ਲੋਕ
- ਉਸ ਦਾ ਇਲਾਕਾ – ਦੇਸ

1. ਇੱਕ ਵਿਅਕਤੀ ਨੂੰ ਸੱਦਿਆ ਕਿ ਉਹ ਉਸ ਦੇਸ ਨੂੰ ਜਾਵੇ ਜਿਸ ਨੂੰ ਪ੍ਰਭੂ ਨੇ ਚੁਣਿਆ ਹੈ ਅਤੇ ਉਸ ਨੂੰ ਦੇ ਦੇਵੇਗਾ। ਅਬਰਾਮ ਨੇ ਆਗਿਆਕਾਰੀ ਕੀਤੀ।।

   ਪਹਿਲਾ ਕਦਮ: ਸੁਣੋ – ਆਗਿਆਕਾਰੀ ਕਰੋ – ਜਾਓ।

2. ਆਇਤ 7-8; 13:3-4, 18 ਇੱਕ ਜਗਵੇਦੀ ਬਣਾਈ।

   ਦੂਜਾ ਕਦਮ: ਕਲੀਸਿਯਾ ਦੀ ਸਥਾਪਨਾ ਕਰੋ (ਅਰਾਧਨਾ ਦੀ ਇੱਕ ਥਾਂ)।

ਉਤਪਤ 13 **ਪਰਿਵਾਰਕ ਝਗੜੇ**

ਤੀਜਾ ਕਦਮ: ਪਰਿਵਾਰਕ ਝਗੜਿਆਂ ਤੋਂ ਬਚੋ, ਜੋ ਵੈਰੀ ਦਾ ਹਮਲਾ ਹੈ। ਯਾਕੂਬ 3:13-16 ਇੱਕ ਆਗੂ ਨੂੰ ਸ਼ਾਂਤੀ ਦੇ ਲਈ, ਸਹੀ ਸੰਬੰਧਾਂ ਲਈ ਕਿਸੇ ਵੀ ਕੁਰਬਾਨੀ ਲਈ ਤਿਆਰ ਰਹਿਣਾ ਚਾਹੀਦਾ ਹੈ। ਆਪਣਾ ਸਰਬਉੱਤਮ ਦਓ। ਸਭ ਤੋਂ ਵਧ ਦਓ, ਸ਼ਾਂਤੀ ਲਈ ਆਪਣੇ ਅਧਿਕਾਰ ਤੱਕ ਛੱਡਣ ਲਈ ਤਿਆਰ ਰਹੋ ਅਤੇ ਵੈਰੀ ਨੂੰ ਪੈਰ ਜਮਾਉਣ ਦੀ ਥਾਂ ਨਾ ਦਓ।

ਉਤਪਤ 14 ਦੁਨਿਆਵੀ ਰਾਜੇ ਇਲਾਕੇ / ਖਜ਼ਾਨੇ / ਸਿੰਘਾਸਣਾਂ ਲਈ ਲੜਦੇ ਸਨ। ਅਬਰਾਮ ਉਨ੍ਹਾਂ ਦੀਆਂ ਅਜਿਹੀਆਂ ਹਰਕਤਾਂ ਵਿੱਚ ਤਦ ਤੱਕ ਸ਼ਾਮਲ ਨਹੀਂ ਹੋਇਆ ਜਦ ਤੱਕ ਉਸ ਦਾ "ਪਰਿਵਾਰ" ਕੈਦੀ ਨਾ ਬਣਾਇਆ ਗਿਆ। ਤਦ ਇਹ ਤੁਰੰਤ ਹੋਇਆ, ਪੂਰਾ ਯੁੱਧ। ਯੁੱਧ ਤੋਂ ਬਾਅਦ ਉਹ ਦੋ ਰਾਜਿਆਂ ਨੂੰ ਮਿਲਿਆ:

1. ਮਲਕਿਸਿਦਕ (ਧਾਰਮਿਕਤਾ ਦਾ ਰਾਜਾ) ਸ਼ਾਲੇਮ (ਸ਼ਾਂਤੀ) ਦਾ ਰਾਜਾ, ਅੱਤ ਮਹਾਂ ਪਰਮੇਸ਼ਰ (ਏਲ ਏਲੀਓਨ) ਦਾ ਜਾਜਕ ਸੀ। ਉਸ ਨੇ ਨੇਮ ਦਾ ਭੋਜਨ ਖਾਧਾ। ਏਲ ਏਲੀਓਨ "ਅਕਾਸ਼ ਅਤੇ ਧਰਤੀ ਦੇ ਮਾਲਕ" ਵੱਲੋਂ ਅਬਰਾਮ ਨੂੰ ਅਸੀਸ ਦਿੱਤੀ। ਅਬਰਾਮ ਨੇ ਉਸ ਉੱਤੇ ਮੁੜ ਅਧਿਕਾਰ ਕਰ ਲਿਆ ਸੀ ਜੋ "ਅਕਾਸ਼ ਅਤੇ ਧਰਤੀ ਦੇ ਮਾਲਕ" ਦਾ ਸੀ।

<u>ਚੌਥਾ ਕਦਮ: ਆਤਮਕ ਯੁੱਧ</u> ਵਿੱਚ ਅਸੀਂ ਏਲ ਏਲੀਓਨ ਨੂੰ ਜਾਣ ਪਾਉਂਦੇ ਹਾਂ।

2. ਤੁਰੰਤ ਆਉਂਦਾ ਹੈ: ਸਦੂਮ ਦਾ ਰਾਜਾ – "ਇਨ੍ਹਾਂ ਜੀਵਾਂ ਨੂੰ ਮੈਨੂੰ ਦਿਹ ਪਰ ਮਾਲ ਧਨ ਆਪ ਰੱਖ ਲੈ।" ਸ਼ਤਾਨ ਕੋਈ ਵੀ ਪੇਸ਼ਕਸ਼ ਕਰ ਸਕਦਾ ਹੈ, <u>ਦੁਨਿਆਵੀ ਦੌਲਤ,</u> ਕਿ "ਵੱਡਾ ਖਜ਼ਾਨਾ" ਰੱਖ ਲਓ। ਸ਼ਤਾਨ ਦੀ ਕਿਸੇ ਵੀ ਪੇਸ਼ਕਸ਼ ਨੂੰ ਸਵੀਕਾਰ ਕਰਕੇ ਅਸੀਂ ਕਮਜ਼ੋਰ ਪੈ ਜਾਂਦੇ ਹਾਂ ਅਤੇ ਭਵਿੱਖ ਦੀ ਹਾਰ ਲਈ ਬੂਹਾ ਖੋਲ੍ਹ ਦਿੰਦੇ ਹਾਂ।

ਆਇਤ 22-23

<u>ਪੰਜਵਾਂ ਕਦਮ: ਸੰਸਾਰ ਦੀਆਂ ਵਸਤਾਂ ਲਈ ਆਪਣੇ ਪ੍ਰੇਮ ਉੱਤੇ ਜਿੱਤ ਹਾਸਲ ਕਰੀਏ,</u> ਜਦ ਪ੍ਰੀਖਿਆ ਆਉਂਦੀ ਹੈ। 1 ਯੂਹੰਨਾ 2:15-16; ਗਲਾਤੀਆਂ 5:24

ਉਤਪਤ 15 ਵੱਡਾ ਪਰਕਾਸ਼ – ਵੱਡੀਆਂ ਪ੍ਰਤਿੱਗਿਆਵਾਂ

ਵੱਡੇ ਸਮਰਪਣ / ਵਫਾਦਾਰੀ ਦਾ ਨਤੀਜਾ।

<u>ਛੇਵਾਂ ਕਦਮ: ਹਮੇਸ਼ਾ ਪ੍ਰਭੂ 'ਤੇ ਭਰੋਸਾ ਰੱਖੋ,</u> ਸਭਨਾਂ ਪ੍ਰਬੰਧਾਂ ਲਈ।

ਮੱਤੀ 6:33

ਲੂਕਾ 16:10-13 "...ਦੋ ਮਾਲਕਾਂ ਦੀ ਟਹਿਲ ਨਹੀਂ ਕਰ ਸੱਕਦਾ..."

ਉਤਪਤ 16 ਸਰੀਰ ਦੇ ਨਤੀਜੇ - ਇਸਮਾਏਲ

<u>ਸੱਤਵਾਂ ਕਦਮ: ਜਦ ਪਰਮੇਸ਼ਰ ਚੁੱਪ ਹੈ – ਤਾਂ ਪ੍ਰਭੂ ਦੀ ਉਡੀਕ ਕਰੋ।</u> ਯਸਾਯਾਹ 40:31; ਸਫ਼ਨਯਾਹ 3:17

ਉਤਪਤ 17 ਸੁੰਨਤ ਦਾ ਨੇਮ

ਪਰਮੇਸ਼ਰ "ਪਰਮੇਸ਼ਰ ਸਰਬਸ਼ਕਤੀਮਾਨ" (ਏਲ ਸ਼ੱਦਾਈ) ਵਜੋਂ ਪਰਗਟ ਹੁੰਦਾ ਹੈ। ਕੁਝ ਵੀ ਔਖਾ ਨਹੀਂ ਹੈ। ਅਨੇਕਾਂ ਕੌਮਾਂ ਦਾ ਪਿਤਾ।

ਚਿਨ੍ਹੰ: ਸੁੰਨਤ – ਉਸ ਵਿੱਚ ਜਿਸ ਦੇ ਰਾਹੀਂ ਉਹ ਪਿਤਾ ਬਣਦਾ ਹੈ। ਜਿਨਸੀ ਸੰਬੰਧਾਂ ਦੀ ਪਵਿੱਤਰਤਾ। ਉਸ ਦੀ ਅੰਸ ਪ੍ਰਭੂ ਦੀ ਅੰਸ ਹੈ।

<u>ਅੱਠਵਾਂ ਕਦਮ: ਆਤਮਕ ਬੱਚਿਆਂ ਨੂੰ ਜਨਮ ਦਓ</u>

ਉਤਪਤ 18:17-33 ਕਿਸੇ ਨਗਰ, ਲੋਕਾਂ ਜਾਂ ਇਲਾਕੇ ਲਈ ਮਧਿਅਸਥੀ ਦਾ ਮਹੱਤਵ ਅਤੇ ਸਥਾਨ।

<u>ਨੌਵਾਂ ਕਦਮ: ਮਧਿਅਸਥੀ</u>

ਉਤਪਤ 22 ਇਸਹਾਕ ਦੀ ਭੇਂਟ

<u>ਦੱਸਵਾਂ ਕਦਮ: ਆਪਣੀ ਸਲੀਬ ਚੁੱਕੋ</u> ਮੱਤੀ 10:37-38

ਆਇਤ 17 ਤੇਰੀ ਅੰਸ ਆਪਣੇ ਵੈਰੀਆਂ ਦੇ ਫਾਟਕ ਉੱਤੇ ਕਬਜਾ ਕਰੇਗੀ।

ਜਿੱਤ ਦੀ ਘੋਸ਼ਣਾ ਕਰ ਦਿੱਤੀ ਗਈ ਹੈ!